੧ੴ ਵਾਹਿਗੁਰੂ ਜੀ ਕੀ ਫ਼ਤਹ ॥

# ਗੁਰਬਾਣੀ ਦਾ ਵਿਰਸਾ – ਜ਼ਮੀਰ ਦੀ ਆਜ਼ਾਦੀ

ਸੁਰਜੀਤ ਸਿੰਘ ਪ੍ਰਿੰਸੀਪਲ (ਰੀਟਾ.)

ਪ੍ਰਕਾਸ਼ਕ :
ਧਰਮ ਪ੍ਰਚਾਰ ਕਮੇਟੀ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ।

ਭੇਟਾ ਰਹਿਤ

# ਗੁਰਬਾਣੀ ਦਾ ਵਿਰਸਾ– ਜ਼ਮੀਰ ਦੀ ਆਜ਼ਾਦੀ

## ਸਿੱਖੀ–ਸਿੱਖ ਜੀਵਨ ਜੁਗਤੀ ਤੇ ਸਿੱਖ ਸੁਭਾਅ

ਅਸਲ ਵਿਚ ਗੁਰਬਾਣੀ ਦਾ ਹੀ ਵਿਰਸਾ ਹੈ, ਜਿਸ ਦੇ ਆਸਰੇ ਉਸਰਿਆ ਹੈ ਸਾਡਾ ਉਹ ਖੁੱਲ੍ਹਾ-ਡੁੱਲ੍ਹਾ, ਆਜ਼ਾਦ, ਅਣਖੀਲਾ ਤੇ "ਹਭ ਕਹੀ ਦਾ ਮਿਤ" ਸੁਭਾਅ ਜੋ ਪਿਆਰ ਨੂੰ ਰੱਬ ਸਮਝਦਾ ਹੈ ਤੇ ਇਸ ਪਿਆਰ ਦੀ ਗੁਲਾਮੀ ਕਰਦਾ ਹੋਇਆ, "ਜਾਨ ਕੋਹ ਆਪਣੀ ਵਾਰ ਦਿੰਦਾ ਹੈ, ਪਰ ਟੈਂ ਨਹੀਂ ਮੰਨਦਾ ਕਿਸੇ ਦੀ!" ਸਿਰ ਦੇ ਦਿੰਦਾ ਹੈ ਪਰ ਸਿਰਰ ਨਹੀਂ ਦਿੰਦਾ। ਮੌਤ ਨੂੰ ਮਖ਼ੌਲਾਂ ਕਰਨ ਵਾਲੇ ਇਸ ਸੁਭਾਅ ਕਰਕੇ ਜਿੱਥੇ ਸਿੱਖ ਸ਼ਹੀਦਾਂ ਦੀ ਕੌਮ ਕਰਕੇ ਪ੍ਰਸਿੱਧ ਹੋਏ ਹਨ ਤੇ ਪੰਜਾਬ ਸ਼ਹੀਦਾਂ ਦੀ ਖਾਨ ਬਣ ਗਿਆ ਹੈ, ਉਥੇ ਦੇਸ਼ ਤੇ ਕੌਮ ਦੀ ਰੱਖਿਆ ਲਈ ਹਿੰਦ ਦੀ ਚਾਦਰ ਦੇ ਇਹ ਵਾਰਸ, ਹਿੰਦੁਸਤਾਨ ਦਾ ਬਾਹੂ ਬਲ **(Sword arm of India)** ਕਰਕੇ ਪਰਵਾਣੇ ਤੇ ਸਨਮਾਨੇ ਜਾਂਦੇ ਰਹੇ ਹਨ। ਇਹ ਤੇਗ਼ ਦੇ ਇਸ ਕਦਰ ਧਨੀ ਹਨ ਕਿ ਬਾਹਰੋਂ ਆਏ ਅਬਦਾਲੀ ਵਰਗੇ ਜ਼ਾਲਮ ਹਤਿਆਰੇ ਨੂੰ ਉਸ ਦੇ ਘਰ ਵਾਪਸ ਪਹੁੰਚਾ ਕੇ, ਉਸ ਦੇ ਘਰ ਦਾ ਬੂਹਾ, ਖ਼ੈਬਰ ਹਮੇਸ਼ਾਂ ਲਈ ਬੰਦ ਕਰ ਆਏ ਹਨ। ਸਗੋਂ ਇਸ ਤੋਂ ਵੀ ਅੱਗੇ ਸ. ਹਰੀ ਸਿੰਘ ਨਲੂਏ ਨੇ ਆਪਣੀ ਤੇਗ਼ ਦੇ ਜ਼ੋਰ, ਦਰਿਆ ਸਿੰਧ ਤੇ ਸੁਲੇਮਾਨ ਪਰਬਤ ਵਿਚਕਾਰਲਾ ਉਹ ਇਲਾਕਾ ਜੋ ਉੱਤਰ ਪੱਛਮੀ ਸਰਹੱਦੀ ਸੂਬੇ ਕਰਕੇ ਪ੍ਰਸਿੱਧ ਸੀ ਤੇ ਕਈ ਸਦੀਆਂ ਤੋਂ ਅਫ਼ਗਾਨਿਸਤਾਨ ਦਾ ਹਿੱਸਾ ਸੀ ਤੇ ਹਿੰਦੁਸਤਾਨ ਉੱਤੇ ਹਮਲਾ ਕਰਨ ਲਈ ਪਠਾਨ ਫੌਜਾਂ ਦਾ ਹਮੇਸ਼ਾਂ ਹੀ ਪਹਿਲਾ ਪੜਾਓ ਰਿਹਾ ਸੀ, ਅਫ਼ਗਾਨਿਸਤਾਨ ਕੋਲੋਂ ਖੋਹ ਕੇ ਪੰਜਾਬ ਦੀ ਸਲਤਨਤ ਵਿਚ ਸ਼ਾਮਲ ਕਰ ਲਿਆ ਸੀ, ਜੋ ਅੱਜ ਕਲ੍ਹ ਪਾਕਿਸਤਾਨ ਦਾ ਹਿੱਸਾ ਹੈ ਤੇ ਜਿਸ ਲਈ ਪਾਕਿਸਤਾਨ ਹਮੇਸ਼ਾਂ ਹੀ ਹਰੀ ਸਿੰਘ ਨਲੂਏ ਦੀ ਤੇਗ਼ ਦਾ ਧੰਨਵਾਦੀ ਰਹੇਗਾ। ਇਹ ਗੁਰਬਾਣੀ ਦੀ ਸਾਣ ਉੱਤੇ ਚੜ੍ਹੀ ਤੇਗ ਦਾ ਹੀ ਕਮਾਲ ਸੀ ਜਿਸ ਕਰਕੇ ਸਰ ਮੁਹੰਮਦ ਇਕਬਾਲ ਨੇ 'ਜਾਵੇਦ ਨਾਮਾ' ਵਿਚ ਆਪਣੇ ਪੁੱਤਰ ਨੂੰ ਲਿਖਿਆ ਸੀ, "ਤੂੰ ਜਾਣਦਾ ਹੀ ਹੈਂ ਕਿ ਖਾਲਸੇ ਨੇ ਆਪਣੀ ਤੇਗ਼ ਦੇ ਜ਼ੋਰ ਇਸਲਾਮੀ ਰਾਜ ਵਾਲੇ ਇਲਾਕੇ ਵਿਚ ਹੀ ਇਸਲਾਮੀ ਸੱਤਾ ਨੂੰ ਦਫ਼ਨ ਕਰ ਦਿੱਤਾ।" ਦੂਸਰੇ ਪਾਸੇ ਇਹ ਦੇਗ਼ ਦੇ ਵੀ ਇਸ ਕਦਰ ਧਨੀ ਹਨ ਕਿ "ਨੀਲਾ ਤਾਰਾ" ਦਮਨਕਾਰੀ ਦੇ ਬਾਵਜੂਦ, ਦਮਨਕਾਰੀਆਂ ਨੂੰ ਆਵਾਜ਼ ਮਾਰ ਕੇ ਲੰਗਰ ਛਕਾਂਦੇ ਰਹੇ ਹਨ। ਹਿੰਦੁਸਤਾਨ ਜਾਂ ਦੁਨੀਆਂ ਦੇ ਕਿਸੇ ਵੀ ਇਲਾਕੇ ਵਿਚ ਜਦੋਂ ਕਦੀ ਕਾਲ, ਭੁੱਖ ਮਰੀ ਜਾਂ ਕੋਈ ਅਪਦਾ

ਆਵੇ, ਪੰਜਾਬ ਦਿਲ ਖੋਲ੍ਹ ਕੇ ਅੰਨ ਤੇ ਹੋਰ ਸਹਾਇਤਾ ਦਿੰਦਾ ਆਇਆ ਹੈ। ਔਰਤ ਨੂੰ ਈਮਾਨ ਤੇ ਦੌਲਤ ਨੂੰ ਗੁਜ਼ਰਾਨ ਸਮਝ ਕੇ ਸਹਿਜ ਤੇ ਸੰਜਮ ਵਿਚ ਕਰਤਾ ਪੁਰਖ ਦੇ ਭਾਣੇ ਤੇ ਉਸ ਦੀ ਨਦਰ ਦੇ ਸਹਾਰੇ, ਦੁੱਖ ਵਿਚ ਵੀ ਸੁਖ ਮਨਾਉਣ ਵਾਲਾ ਨਿਸਚਿੰਤ ਤੇ ਹਸੰਦਿਆਂ-ਖੇਲੰਦਿਆਂ ਬੇਪਰਵਾਹ ਜ਼ਿੰਦਗੀ ਜਿਉਣ ਵਾਲਾ ਸੁਭਾਅ ਗੁਰਬਾਣੀ ਤੋਂ ਹੀ ਵਿਰਾਸਤ ਵਿਚ ਮਿਲਿਆ ਹੈ।

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥

(ਸਲੋਕ ਮ. ੨, ਪੰ. ੯੫੫)

**ਗੁਰਬਾਣੀ** ਦਾ ਮੂਲ ਉਦੇਸ਼ ਪਰਮ ਸੱਚ ਪਾਰਬ੍ਰਹਮ ਨੂੰ ਜਾਗਦੀ ਜੋਤ ਮੰਨ ਕੇ, ਮਨੁੱਖ ਨੂੰ ਉਸ ਨਾਲ ਜੋੜਨਾ ਹੈ। ਇਸ ਲਈ ਮਨੁੱਖ ਨੂੰ ਉਸ ਵਰਗਾ ਹੀ ਨਿਰਭਉ ਤੇ ਨਿਰਵੈਰ ਬਣਾਨਾ ਹੈ। ਹਰ ਪੱਖੋਂ ਆਜ਼ਾਦ ਤੇ ਨਿਰਲੇਪ ਬਣਾਨਾ ਹੈ ਤਾਂ ਕਿ ਇਸ ਦਾ ਘਟ ਘਟ ਵਿਚ ਵਸਦੇ ਤੇ ਆਪਣੇ ਗੁਣਾਂ ਦੇ ਰੂਪ ਵਿਚ ਪ੍ਰਗਟ ਹੁੰਦੇ, ਨਿਰ-ਆਕਾਰ ਪਰਮ ਸੱਚ ਬ੍ਰਹਮ ਨਾਲ ਸਹਿਜ ਸੰਜੋਗ ਹੋ ਸਕੇ। ਯਾਦ ਰਹੇ ਕਿ ਮਨੁੱਖ ਇਕੱਲਾ ਨਹੀਂ ਜਿਉਂਦਾ, ਦੂਸਰਿਆਂ ਦੇ ਸੰਗ ਵਿਚ ਵਿਚਰਦਾ ਹੈ। ਇਸ ਲਈ ਪਰਮਾਤਮਾ ਨਾਲ ਸੰਜੋਗ ਦਾ ਇਹ ਰਾਹ, ਜਗਤ ਵਿਚੋਂ ਦੀ ਹੋ ਕੇ, ਕੁਲ ਲੋਕਾਈ ਵਿਚੋਂ ਦੀ ਹੋ ਕੇ ਜਾਂਦਾ ਹੈ। ਇਸ ਰਾਹ ਦੀ ਜ਼ਰੂਰੀ ਡਸਿਪਲਿਨ ਹੈ। **ਸਹਿਜ, ਸੰਜਮ ਤੇ ਸੰਤੋਖ** ਵਿਚ ਰਹਿੰਦਿਆਂ ਹੋਇਆਂ ਦੂਸਰਿਆਂ ਨਾਲ **ਸਮਾਨਤਾ**, **ਸਮਹਿਤਾ** ਤੇ **ਸਹਿਯੋਗ** ਵਿਚ ਵਿਚਰਦੀ ਮਾਨਵੀ ਆਜ਼ਾਦੀ ਨੂੰ ਬਰਕਰਾਰ ਰੱਖਣਾ। "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ" ਦੇ ਨਾਲ-ਨਾਲ ਦੂਸਰਿਆਂ ਦੀ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ, "ਸੁਖ ਸੰਤਾ ਕਰਣੰ" ਲਈ "ਦੁਰਮਤਿ ਦਰਣੰ" ਦਾ ਰਾਹ ਹੈ, "ਸੰਤ ਉਬਾਰਨ" ਲਈ "ਦੁਸ਼ਟ ਸਭਨ ਕੋ ਮੂਲ ਉਪਾਰਨ" ਦਾ ਵੀ ਰਾਹ ਹੈ। ਇਸ ਰਸਤੇ ਉੱਤੇ, ਜਿਥੇ ਪਰਉਪਕਾਰ ਨੂੰ ਸ੍ਰੇਸ਼ਟ ਸ਼ੁਭ ਗੁਣ ਮੰਨਿਆ ਜਾਂਦਾ ਹੈ, ਉਥੇ ਸਰਬ ਸ੍ਰੇਸ਼ਟ ਪਰਉਪਕਾਰ ਦੂਸਰਿਆਂ ਦੀ ਜ਼ਮੀਰ ਦੀ ਆਜ਼ਾਦੀ ਦੀ, ਆਪਣੀ ਜਾਨ ਹੂਲ ਕੇ ਵੀ, ਰੱਖਿਆ ਕਰਨਾ ਮੰਨਿਆ ਜਾਂਦਾ ਹੈ।

## ੨. ਜਨਮ-ਸਿੱਧ ਆਜ਼ਾਦ ਹਸਤੀ

ਸਿੱਖ ਵਿਚਾਰਧਾਰਾ ਅਨੁਸਾਰ ਮਨੁੱਖ ਧਰਤੀ ਉੱਤੇ ਇਕ ਆਜ਼ਾਦ ਹਸਤੀ ਲੈ ਕੇ ਆਉਂਦਾ ਹੈ। ਉਸ ਦੇ ਸਿਰ ਉੱਤੇ ਇਸ ਤਰ੍ਹਾਂ ਦਾ ਕੋਈ ਬੋਝ ਜਾਂ ਭਾਰ ਨਹੀਂ ਹੁੰਦਾ ਕਿ ਉਹ ਧਰਤੀ ਉੱਤੇ ਕੇਵਲ ਇਸ ਲਈ ਦੁੱਖ ਦੇ ਰੂਪ ਵਿਚ ਸਜ਼ਾ ਭੋਗੇ ਕਿ ਉਹ ਬਾਬਾ ਆਦਮ ਦੀ ਅੰਸ਼ ਵਿਚੋਂ ਹੈ ਅਤੇ ਬਾਬਾ ਆਦਮ ਨੇ ਪਰਮਾਤਮਾ ਦੇ ਹੁਕਮ ਦੀ ਅਵਗਿਆ ਕਰਦਿਆਂ, ਵਰਜਿਤ ਫਲ ਖਾ ਲਿਆ ਸੀ, ਜਿਸ ਕਰਕੇ ਪਰਮਾਤਮਾ ਨੇ ਨਾਰਾਜ਼ ਹੋ ਕੇ ਇਸ ਨੂੰ ਸਵਰਗ ਵਿਚੋਂ ਧੱਕਾ ਦੇ ਕੇ ਧਰਤੀ ਉੱਤੇ

ਸੁੱਟ ਦਿੱਤਾ ਸੀ ਤੇ ਨਾਲ ਹੀ ਸਰਾਪ ਵੀ ਦੇ ਦਿੱਤਾ ਸੀ ਕਿ ਉਸ ਦੀ ਔਲਾਦ, ਪੀੜ੍ਹੀ ਦਰ ਪੀੜ੍ਹੀ ਇਸ ਅਵੱਗਿਆ ਦੀ ਸਜ਼ਾ ਭੁਗਤਦੀ ਰਹੇਗੀ। ਸਿੱਖ ਵਿਚਾਰਧਾਰਾ ਅਨੁਸਾਰ ਮਨੁੱਖ ਇਕ ਸਰਾਪੀ ਹੋਈ ਰੂਹ ਲੈ ਕੇ ਜਨਮ ਨਹੀਂ ਲੈਂਦਾ। ਮਨੁੱਖ ਧਰਤੀ ਉੱਤੇ ਇਸ ਸਰਾਪ ਦੀ ਸਜ਼ਾ ਭੋਗਣ ਨਹੀਂ ਆਉਂਦਾ, ਜਿਸ ਤੋਂ ਖ਼ਲਾਸੀ ਉਸ ਨੂੰ ਮਰਨ ਤੋਂ ਕਈ ਸਦੀਆਂ ਪਿਛੋਂ ਕਿਆਮਤ ਵਾਲੇ ਦਿਨ ਰੱਬ ਦੇ ਕਿਸੇ ਪੁੱਤਰ ਜਾਂ ਪੈਗੰਬਰ ਦੀ ਮੁਥਾਜੀ ਜਾਂ ਸਿਫ਼ਾਰਸ਼ ਨਾਲ ਹੋਣੀ ਹੈ। ਚੂੰਕਿ ਮਨੁੱਖ ਨੂੰ ਧਰਤੀ ਉੱਤੇ ਪਰਮਾਤਮਾ ਦੀ ਖੁਸ਼ੀ, ਨਦਰਿ ਤੇ ਬਖ਼ਸ਼ਿਸ਼ ਨਾਲ ਭੇਜਿਆ ਮੰਨਿਆ ਜਾਂਦਾ ਹੈ। ਇਸ ਲਈ ਕਿਸੇ ਦੂਸਰੇ ਦੀ ਸਿਫ਼ਾਰਸ਼ ਜਾਂ ਮੁਥਾਜੀ ਦੀ ਕੋਈ ਲੋੜ ਹੀ ਨਹੀਂ।

ਦੂਸਰੇ ਪਾਸੇ ਮਨੁੱਖ ਦੀ ਆਤਮਾ ਉੱਤੇ ਇਸ ਪ੍ਰਕਾਰ ਦਾ ਵੀ ਕੋਈ ਬੋਝ ਨਹੀਂ ਮੰਨਿਆ ਜਾਂਦਾ ਕਿ ਉਸ ਨੇ ਕਿਸੇ ਪਿਛਲੇ ਜਨਮ ਵਿਚ ਐਸੇ ਮੰਦੇ ਕਰਮ ਕੀਤੇ ਸਨ, ਜਿਨ੍ਹਾਂ ਦੀ ਸਜ਼ਾ ਵਜੋਂ ਉਸ ਨੂੰ ਕਿਸੇ ਨੀਵੀਂ ਜਾਤ ਸ਼ੂਦਰ ਆਦਿ ਵਿਚ ਜਨਮ ਲੈਣਾ ਪਿਆ ਤਾਂ ਕਿ ਉਹ ਸਾਰੀ ਉਮਰ ਗ਼ਲਾਜ਼ਤ ਵਿਚ ਰਹਿੰਦਾ ਹੋਇਆ, ਉਚੇਰੀ ਜਾਤ ਵਾਲਿਆਂ ਦੀ ਸੇਵਾ ਤੇ ਗੁਲਾਮੀ ਕਰਦਾ ਰਹੇ। ਜਾਂ ਫਿਰ ਕਿਸੇ ਉਚੇਰੀ ਜਾਤ ਬ੍ਰਾਹਮਣ ਜਾਂ ਖੱਤਰੀ ਆਦਿ ਵਿਚ ਉਸ ਨੂੰ ਪਿਛਲੇ ਜਨਮ ਦੇ ਕੀਤੇ ਚੰਗੇ ਕਰਮਾਂ ਦੇ ਇਨਾਮ ਵਜੋਂ ਜਨਮ ਮਿਲਿਆ ਤਾਂ ਕਿ ਉਹ ਦੂਸਰਿਆਂ ਨੂੰ ਨੀਵਾਂ ਸਮਝਦਾ ਹੋਇਆ, ਉਨ੍ਹਾਂ ਦੇ ਸਿਰ ਉੱਤੇ ਰੋਅਬ ਜਮਾ ਸਕੇ ਤੇ ਸੁਖ ਭੋਗਦਾ ਹੋਇਆ ਜਾਤ ਤੇ ਜਨਮ ਦੇ ਅਭਿਮਾਨ ਵਿਚ ਜਿਉਂਦਾ ਰਹੇ। ਗੁਰਬਾਣੀ ਦਾ ਸੰਦੇਸ਼ ਹੈ:

ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥

(ਮਾਝ ਮ. ੫, ਪੰ. ੧੩੫)

ਇਨ੍ਹਾਂ ਵਿਚੋਂ ਪਹਿਲੀ ਧਾਰਨਾ, ਜੋ ਪੱਛਮੀ ਧਰਮਾਂ ਦੀ ਬੁਨਿਆਦੀ ਧਾਰਨਾ ਹੈ, ਮਨੁੱਖ ਨੂੰ ਕਿਸੇ ਖਾਸ ਪੈਗੰਬਰ ਜਾਂ ਰੱਬ ਦੇ ਪੁੱਤਰ ਵਰਗੇ ਵਿਅਕਤੀ ਨਾਲ ਜੋੜੀ ਰੱਖਦੀ ਹੈ ਤਾਂ ਕਿ ਉਹ ਉਸ ਦਾ ਪੈਰੋਕਾਰ ਤੇ ਮੁਰੀਦ ਬਣ ਕੇ, ਉਸ ਰਾਹੀਂ ਰੁੱਸੇ ਹੋਏ ਰੱਬ ਤੋਂ ਮਰਨ ਤੋਂ ਕਈ ਸਾਲ ਪਿੱਛੋਂ ਕਿਆਮਤ ਵਾਲੇ ਦਿਨ ਬਖ਼ਸ਼ਿਸ਼ ਤੇ ਅਖ਼ੀਰ ਮੁਕਤੀ ਦੇ ਲਾਰੇ ਵਿਚ ਜ਼ਿੰਦਗੀ ਗੁਜਾਰਦਾ ਰਹੇ। ਗੁਰਮਤਿ ਕਿਸੇ ਹੋ ਚੁੱਕੇ ਮਨੁੱਖ ਦੀ ਮੁਥਾਜੀ ਤੋਂ ਆਜ਼ਾਦ ਰੱਖਦੀ ਹੈ। ਇਸੇ ਲਈ ਗੁਰਮਤਿ ਵਿਚ ਮੁਕਤੀ ਦੇ ਸੰਕਲਪ ਨੂੰ ਹੀ ਅਪ੍ਰਵਾਨ ਕਰ ਦਿੱਤਾ ਗਿਆ ਹੈ। "**ਮੁਕਤਿ ਬਪੁੜੀ ਭੀ ਗਿਆਨੀ ਤਿਆਗੇ**" ਦਾ ਰਾਹ, ਮੁਕਤੀ ਦੀ ਲਾਲਸਾ ਦੀ ਗੁਲਾਮੀ ਨੂੰ ਤਿਆਗਣ ਦਾ ਰਾਹ ਹੈ। ਇਹ ਰਸਤਾ ਤਾਂ ਪਰਮਾਤਮਾ ਦੀ ਪ੍ਰੀਤ, ਉਸ ਦੀ ਜਨਤਾ ਨਾਲ ਪ੍ਰੀਤ ਦਾ ਰਾਹ ਹੈ ਤੇ **ਪ੍ਰੀਤ ਕਦੀ ਵੀ ਗੁਲਾਮੀ ਦਾ ਰਾਹ ਨਹੀਂ ਹੁੰਦਾ।**

ਦੂਸਰੀ ਧਾਰਨਾ ਜਾਤ-ਪਾਤੀ ਪਕੜ ਤੇ ਉਸ ਦੇ ਸ਼ਿਕੰਜੇ ਨੂੰ ਮਜ਼ਬੂਤ ਕਰਨ

ਤੇ ਇਸ ਨੂੰ ਬਿਨਾਂ ਰੋਕ-ਟੋਕ ਨਿਰੰਤਰ ਚਲਦਾ ਰੱਖਣ ਲਈ ਘੜੀ ਗਈ ਪ੍ਰਤੀਤ ਹੁੰਦੀ ਹੈ, ਜਿਸ ਦਾ ਜਿੰਨ-ਜਫਾ ਅੱਜ ਤੱਕ ਨਹੀਂ ਮੁੱਕਿਆ। ਗੁਰਬਾਣੀ ਦਾ ਰਾਹ ਇਸ ਜਿੰਨ-ਜੱਫੇ ਨੂੰ ਗਲੋਂ ਲਾਹ ਸੁੱਟਣ ਤੇ ਆਜ਼ਾਦ ਹੋਣ ਦਾ ਰਾਹ ਹੈ। ਕੋਈ ਮਨੁੱਖ ਕੇਵਲ ਜਾਤ ਤੇ ਜਨਮ ਦੇ ਆਧਾਰ ਉੱਤੇ ਕਿਸੇ ਦੂਸਰੇ ਦੀ ਗੁਲਾਮੀ ਤੇ ਮੁਥਾਜੀ ਕਿਉਂ ਕਰੇ ?

ਇਸੇ ਹੀ ਤਰ੍ਹਾਂ ਇਸ ਬ੍ਰਾਹਮਣੀ ਧਾਰਨਾ ਅਨੁਸਾਰ ਮਨੁੱਖ ਨੂੰ ਕਿਸੇ ਖਾਸ ਕਿੱਤੇ ਨਾਲ ਬੰਨ੍ਹੀ ਰੱਖਿਆ ਜਾਂਦਾ ਹੈ, ਉਹ ਆਪਣੇ ਖ਼ਾਨਦਾਨੀ ਪੇਸ਼ੇ ਤੋਂ ਬਿਨਾਂ, ਆਪਣੀ ਮਰਜ਼ੀ ਅਨੁਸਾਰ ਕੋਈ ਕਿੱਤਾ ਅਖ਼ਤਿਆਰ ਨਹੀਂ ਕਰ ਸਕਦਾ। ਕੋਈ ਐਸਾ ਬੰਦਾ ਜੋ ਉਹ ਖੱਤਰੀ ਨਹੀਂ ਤਾਂ ਨਾ ਉਹ ਹਥਿਆਰ ਚੁੱਕ ਸਕਦਾ ਹੈ, ਨਾ ਆਪਣੇ ਦੇਸ਼ ਦੀ ਰੱਖਿਆ ਕਰ ਸਕਦਾ ਹੈ ਤੇ ਨਾ ਹੀ ਰਾਜਾ ਬਣ ਸਕਦਾ ਹੈ। ਗੁਰਮਤਿ ਕਿਸੇ ਖ਼ਾਨਦਾਨੀ ਕਿੱਤੇ ਨਾਲ ਬੱਝੇ ਰਹਿਣ ਤੋਂ ਆਜ਼ਾਦ ਕਰਦੀ ਹੈ। "ਸਰਬ ਸਬਦੰ ਏਕੁ ਸਬਦੰ" ਦਾ ਇਹ ਰਾਹ ਪਰਵਾਣ ਕਰਦਾ ਹੈ ਕਿ ਸਭ ਮਨੁੱਖਾਂ ਵਿਚ ਇਕਸਾਰ ਕੁਦਰਤੀ ਰੁਚੀਆਂ ਮੌਜੂਦ ਹੁੰਦੀਆਂ ਹਨ, ਜਿਨ੍ਹਾਂ ਦਾ ਹਾਲਾਤ ਤੇ ਸੰਭਾਵਨਾਵਾਂ ਅਨੁਸਾਰ ਵਿਕਾਸ ਕਰਕੇ, ਹਰ ਮਨੁੱਖ ਵਾਹਿਗੁਰੂ ਉੱਤੇ ਟੇਕ ਰੱਖਦਾ ਹੋਇਆ ਆਪਣੀ ਯੋਗਤਾ ਤੇ ਸਮਰੱਥਾ ਉਸਾਰ ਸਕਦਾ ਹੈ ਅਤੇ ਕਿਸੇ ਵੀ ਕਿੱਤੇ ਵਿਚ ਮਿਹਨਤ, ਲਗਨ ਤੇ ਸਿਦਕ ਨਾਲ ਕਾਮਯਾਬੀ ਹਾਸਲ ਕਰ ਸਕਦਾ ਹੈ। ਇਸੇ ਵਿਸ਼ਵਾਸ ਕਰਕੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਲੋਕਾਂ ਨੂੰ ਤਲਵਾਰ ਦੇ ਧਨੀ ਬਣਾ ਦਿੱਤਾ, ਜਿਨ੍ਹਾਂ ਨੇ ਕਦੀ ਕਰਦ ਵੀ ਹੱਥ ਫੜ ਕੇ ਨਹੀਂ ਸੀ ਵੇਖੀ। ਵਾਹੀਵਾਨ ਕਿਸਾਨ ਨੂੰ ਸਰਦਾਰ ਸ਼ਾਸਕ ਤੇ ਮਹਾਰਾਜੇ ਬਣਨ ਲਈ ਰਾਹ ਖੋਲ੍ਹ ਦਿੱਤੇ। ਵਾਹੀਵਾਨ ਕਿਸਾਨ ਬਾਬਾ ਬੁੱਢਾ, ਜੇਕਰ ਆਪਣੀ ਬੀੜ ਵਿਚ ਵਧੀਆ ਨਸਲੀ ਘੋੜੇ ਪਾਲਦਾ ਹੈ ਤੇ ਦੂਸਰੇ ਪਾਸੇ ਬ੍ਰਹਮ ਗਿਆਨੀ ਵੀ ਹੈ। ਜਿਸ ਨੂੰ ਦਰਬਾਰ ਸਾਹਿਬ ਦਾ ਪਹਿਲਾ ਮੁਖ ਗ੍ਰੰਥੀ ਹੋਣ ਦਾ ਮਾਣ ਪ੍ਰਾਪਤ ਹੋਇਆ। ਗੁਰਬਾਣੀ ਨੇ ਮਨੁੱਖ ਨੂੰ ਜਾਤ-ਪਾਤੀ ਕਿੱਤੇ ਦੀ ਗੁਲਾਮੀ ਤੋਂ ਕੱਢ ਕੇ, ਆਪਣੀਆਂ ਰੁਚੀਆਂ ਤੇ ਸੰਭਾਵਨਾਵਾਂ ਅਨੁਸਾਰ ਯੋਗਤਾ ਤੇ ਸਮਰੱਥਾ ਉਸਾਰਨ ਵੱਲ ਰੁਚਿਤ ਕਰ ਦਿੱਤਾ।

ਸ਼ਿਵਾ ਜੀ ਮਰਹੱਟਾ ਨੂੰ ਰਾਜਾ ਬਣਨ ਲਈ, ਬ੍ਰਾਹਮਣਾਂ ਨੂੰ ਚੋਖੀ ਸਾਰੀ ਰਕਮ ਰਿਸ਼ਵਤ ਦੇ ਕੇ ਐਸਾ ਬੰਸਾਵਲੀਨਾਮਾ ਤਿਆਰ ਕਰਵਾਣਾ ਪਿਆ, ਜਿਸ ਨਾਲ ਉਹ ਖੱਤਰੀ ਘਰਾਣੇ ਦਾ ਸਥਾਪਤ ਹੋ ਸਕੇ, ਪ੍ਰੰਤੂ ਮਹਾਰਾਜਾ ਰਣਜੀਤ ਸਿੰਘ ਨੂੰ ਇਸ ਤਰ੍ਹਾਂ ਦੀ ਕੋਈ ਲੋੜ ਨਹੀਂ ਸੀ ਪਈ।

### ੩. ਧਾਰਮਿਕ ਅਭਿਮਾਨ ਤੋਂ ਆਜ਼ਾਦੀ

ਸਿੱਖ ਧਰਮ ਇਸ ਵਿਚਾਰ ਦਾ ਧਾਰਨੀ ਨਹੀਂ ਬਣਦਾ ਕਿ ਮਨੁੱਖ ਦਾ ਕਿਸੇ

ਖਾਸ ਧਰਮ ਵਿਚ ਜਨਮ, ਉਸ ਦੇ ਪੂਰਬਲੇ ਜਨਮ ਵਿਚ ਕੀਤੇ ਕਰਮਾਂ ਦਾ ਫਲ ਹੈ ਤੇ ਇਨ੍ਹਾਂ ਪੂਰਬਲੇ ਕਰਮਾਂ ਕਰਕੇ ਉਸ ਨੂੰ ਦੂਸਰਿਆਂ ਨਾਲੋਂ ਸ੍ਰੇਸ਼ਟ ਧਰਮ ਮਿਲਿਆ ਹੈ। ਇਹ ਧਾਰਨਾ ਇਕ ਪਾਸੇ ਧਾਰਮਿਕ ਅਭਿਮਾਨ ਤੇ ਧਾਰਮਿਕ ਕੱਟੜਪੁਣਾ ਪੈਦਾ ਕਰਦੀ ਹੈ, ਦੂਸਰੇ ਪਾਸੇ ਧਾਰਮਿਕ ਬੰਧਨ ਨੂੰ ਜਨਮ ਦਿੰਦੀ ਹੈ।

"ਰਾਹ ਦੋਵੈ ਇਕੁ ਜਾਣੈ ....।।"

ਅਤੇ

'ਸਭ ਦੁਨੀਆ ਸੁਬਹਾਨੁ ਸਚਿ ਸਮਾਈਐ।।"

(ਵਾਰ ਮਾਝ, ਮ. ੧, ਪੰ. ੧੪੨)

ਅਮਲੀ ਜੀਵਨ ਵਿਚ ਧਾਰਮਿਕ ਸਹਿਣਸ਼ੀਲਤਾ ਤੇ ਸਭ ਧਰਮਾਂ ਦਾ ਸਤਿਕਾਰ ਕਰਨ ਦਾ ਰਾਹ ਹੈ, ਜੋ ਪੰਜਾਬੀ ਸੁਭਾਅ ਨੂੰ ਗੁਰਬਾਣੀ ਦੀ ਦੇਣ ਹੈ। ਇਸੇ ਕਰਕੇ ਹੀ ਪੰਜਾਬ ਵਿਚ ਸੰਪਰਦਾਇਕ ਦੰਗੇ ਕਦੀ ਵੀ ਡੂੰਘੀ ਜੜ੍ਹ ਨਹੀਂ ਫੜ ਸਕੇ। ਇਸ ਧਾਰਮਿਕ ਸਹਿਣਸ਼ੀਲਤਾ ਤੇ ਦੂਸਰੇ ਦੇ ਧਰਮ ਦੇ ਸਤਿਕਾਰ ਕਰਕੇ ਹੀ "ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ" ਦੀ ਧਾਰਨਾ ਪਰਪੱਕ ਹੋਣ ਨਾਲ ਹੀ ਸਰਬ ਸਾਂਝਾ ਭਰੱਪਣ ਉਸਰਦਾ ਹੈ, ਜੋ ਸਿੱਖ ਆਚਰਨ ਦਾ ਮੁਖ ਲਕਸ਼ ਹੈ। ਗੁਰਬਾਣੀ ਅਨੁਸਾਰ ਮਨੁੱਖ ਦੀ ਵਡਿਆਈ ਤੇ ਸ੍ਰੇਸ਼ਟਤਾ ਉਸ ਦੇ ਧਰਮ ਕਰਕੇ, ਹਿੰਦੂ ਜਾਂ ਮੁਸਲਮਾਨ ਹੋਣ ਕਰਕੇ ਨਹੀਂ, ਸਗੋਂ ਉਸ ਦੇ ਮੌਜੂਦਾ ਜਨਮ ਵਿਚ ਕੀਤੇ ਚੰਗੇ ਤੇ ਨੇਕ ਕੰਮਾਂ ਕਰਕੇ ਹੈ, ਜਿਵੇਂ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਵਿਚ ਲਿਖਿਆ ਹੈ :

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆਂ ਸੁਭਿ ਅਮਲਾਂ ਬਾਝਹੁ ਦੋਨੋ ਰੋਈ।

## ੪. ਇਸਤਰੀ ਤੇ ਮਰਦ ਦੀ ਬਰਾਬਰੀ

ਗੁਰਬਾਣੀ ਅਨੁਸਾਰ ਔਰਤ ਦੇ ਰੂਪ ਵਿਚ ਜਨਮ ਨੂੰ, ਪਿਛਲੇ ਜਨਮ ਦੇ ਮਾੜੇ ਕੰਮਾਂ ਦੀ ਸਜ਼ਾ ਨਹੀਂ ਮੰਨਿਆ ਜਾਂਦਾ ਤੇ ਨਾ ਹੀ ਬਾਬਾ ਆਦਮ ਨੂੰ ਮਿਲੇ ਸਰਾਪ ਦੇ ਨਾਲ ਮਾਈ ਹਵਾ ਦੀ ਬੇਟੀ ਨੂੰ ਪੀੜ੍ਹੀ ਦਰ ਪੀੜ੍ਹੀ ਮਰਦ ਦੀ ਗੁਲਾਮੀ ਕਰਨ ਦੀ ਸਜ਼ਾ ਭੁਗਤਣ ਲਈ ਭੇਜਿਆ ਮੰਨਿਆ ਜਾਂਦਾ ਹੈ। ਗੁਰਬਾਣੀ ਅਨੁਸਾਰ ਔਰਤ ਤੇ ਮਰਦ ਨੂੰ ਹਰ ਪੱਖੋਂ ਇਕ ਸਮਾਨ ਤੇ ਬਰਾਬਰ ਦਰਜਾ ਦਿੱਤਾ ਜਾਂਦਾ ਹੈ। ਜੀਵਨ-ਗੱਡੀ ਦੇ ਬਰਾਬਰ ਦੇ ਪਹੀਏ ਤੇ ਇਕਸਾਰ ਸਾਂਝੀਵਾਲ ਮੰਨਿਆ ਜਾਂਦਾ ਹੈ। ਇਸੇ ਕਰਕੇ ਹੀ ਇਨ੍ਹਾਂ ਨੂੰ ਧਰਮ ਕਰਮ ਵਿਚ ਮਰਦ ਦੇ ਬਰਾਬਰ ਖੁਲ੍ਹ ਹੀ ਨਹੀਂ ਦਿੱਤੀ ਜਾਂਦੀ, ਸਗੋਂ ਇਨ੍ਹਾਂ ਨੂੰ ਧਰਮ ਪ੍ਰਚਾਰ ਦੀ ਮੁਹਰੀ ਵੀ ਬਣਾਇਆ ਜਾਂਦਾ ਹੈ। ਗੁਰੂ ਅਮਰਦਾਸ ਵਲੋਂ ਸਥਾਪਤ ਬਾਈ ਮੰਜੀਆਂ ਵਿਚੋਂ ਦੋ ਮੰਜੀਆਂ ਦੀਆਂ ਇੰਚਾਰਜ ਮਥੋ

ਮੁਰਾਰੀ ਤੇ ਮਾਈ ਸੇਵਾਂ ਇਸਤਰੀਆਂ ਹੀ ਸਨ। ਸੰਗਤ ਤੇ ਪੰਗਤ ਵਿਚ ਇਨ੍ਹਾਂ ਨੂੰ ਨਾ ਕੇਵਲ ਮਰਦਾਂ ਦੇ ਬਰਾਬਰ ਸਥਾਨ ਦਿੱਤਾ ਜਾਂਦਾ ਹੈ, ਸਗੋਂ ਪਰਦੇ ਦੀ ਸਖਤ ਮਨਾਹੀ ਰੱਖਣ ਦਾ ਆਦੇਸ਼ ਗੁਰੂ ਅਮਰਦਾਸ ਜੀ ਦੇ ਵੇਲੇ ਤੋਂ ਲਾਗੂ ਹੈ। ਸਤੀ ਦੀ ਰਸਮ ਵੀ ਗੁਰੂ ਅਮਰਦਾਸ ਜੀ ਵੇਲੇ ਤੋਂ ਬੰਦ ਕੀਤੀ ਗਈ ਹੈ ਅਤੇ ਇਸਤਰੀ ਨੂੰ ਜਾਇਦਾਦ ਦਾ ਮਾਲਕ ਹੋਣ ਦਾ ਉਸੇ ਤਰ੍ਹਾਂ ਹੱਕ ਹਾਸਲ ਹੈ, ਜਿਵੇਂ ਮਰਦ ਨੂੰ। ਔਰਤ ਨੂੰ ਮਿਲੀ ਇਸ ਆਜ਼ਾਦੀ ਕਾਰਣ ਹੀ ਸਿੱਖ-ਇਸਤਰੀਆਂ, ਮਾਈ ਭਾਗੋ ਵਾਂਗ ਮਰਦਾਂ ਦੇ ਮੈਦਾਨਿ-ਜੰਗ ਵਿਚ ਜੂਝਦੀਆਂ ਆਈਆਂ ਹਨ। ਸੰਨ ੧੭੯੯ ਵਿਚ ਲਾਹੌਰ ਦੀ ਫਤਹਿ ਵੇਲੇ ਰਾਣੀ ਸਦਾ ਕੌਰ ਦੀ ਭੂਮਿਕਾ ਕਿਸੇ ਕੋਲੋਂ ਗੁੱਝੀ ਛੁਪੀ ਨਹੀਂ।

## ੫. ਮੁਕਤੀ, ਨਿਜਾਤ ਤੇ ਸਵਰਗ ਦੇ ਲਾਲਚ ਤੋਂ ਆਜ਼ਾਦੀ

ਗੁਰਬਾਣੀ ਮਨੁੱਖ ਨੂੰ ਇਸ ਪ੍ਰਕਾਰ ਦਾ ਕੋਈ ਝਾਂਸਾ, ਲਾਲਚ ਜਾਂ ਭਰਮ-ਭੁਲੇਖਾ ਨਹੀਂ ਦਿੰਦੀ ਕਿ ਜੇਕਰ ਉਸ ਨੇ ਫਲਾਣੇ ਧਰਮ ਨੂੰ ਅਖ਼ਤਿਆਰ ਕਰ ਲਿਆ ਤਾਂ ਰੱਬ ਦਾ ਪੁੱਤਰ ਜਾਂ ਏਲਚੀ ਅਥਵਾ ਪੈਗੰਬਰ ਆਪਣੀ ਰੱਬ ਤੱਕ ਰਸਾਈ ਤੇ ਪਹੁੰਚ ਕਾਰਣ ਉਸ ਨੂੰ ਨਿਜਾਤ ਦਿਲਵਾ ਦੇਵੇਗਾ। ਆਪਣੀ ਸਿਫ਼ਾਰਸ਼ ਨਾਲ ਉਸ ਦੇ ਸਾਰੇ ਗੁਨਾਹ ਮੁਆਫ਼ ਕਰਵਾ ਦੇਵੇਗਾ। ਨਾ ਹੀ ਇਸ ਤਰ੍ਹਾਂ ਦਾ ਕੋਈ ਰਾਹ ਦੱਸਿਆ ਜਾਂਦਾ ਹੈ ਕਿ ਖ਼ਾਸ ਤਰ੍ਹਾਂ ਦੇ ਖ਼ਾਸ ਢੰਗ ਨਾਲ ਕੀਤੇ ਪੂਜਾ, ਪਾਠ, ਦਾਨ, ਯੱਗ ਤੇ ਹੋਰ ਕਰਮ ਕਰਕੇ ਜਾਂ ਖਾਸ ਜਗ੍ਹਾ ਉੱਤੇ ਇਸ਼ਨਾਨ ਕਰਕੇ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ ਜਾਂ ਕਿਸੇ ਖਾਸ ਦੇਵਤੇ ਦੀ ਪੂਜਾ ਕਰਕੇ, ਉਸ ਨੂੰ ਕੁਰਬਾਨੀਆਂ ਆਦਿ ਦੇ ਕੇ ਜਾਂ ਕਿਸੇ ਹੋਰ ਢੰਗ ਨਾਲ ਖੁਸ਼ ਕਰਕੇ ਉਸ ਕੋਲੋਂ ਦੌਲਤ, ਕਈ ਪ੍ਰਕਾਰ ਦੀਆਂ ਮੁਰਾਦਾਂ ਮੰਗੀਆਂ ਜਾ ਸਕਦੀਆਂ ਹਨ ਜਾਂ ਕਿਸੇ ਪ੍ਰਕਾਰ ਦੀ ਸ਼ਕਤੀ ਹਾਸਲ ਕੀਤੀ ਜਾ ਸਕਦੀ ਹੈ। "ਰਾਜ ਨ ਚਾਹਉ ਮੁਕਤਿ ਨ ਚਾਹਉ" ਦੇ ਐਲਾਨ ਨਾਲ ਗੁਰਬਾਣੀ ਮਨੁੱਖੀ-ਜੀਵਨ ਦਾ ਟੀਚਾ ਤੇ ਅੰਤਮ ਨਿਸ਼ਾਨਾ ਦੌਲਤ, ਸ਼ਕਤੀ, ਸਵਰਗ ਜਾਂ ਮੁਕਤੀ ਨੂੰ ਨਹੀਂ ਪਰਵਾਣ ਕਰਦਾ ਤਾਂ ਕਿ ਮਨੁੱਖ ਇਨ੍ਹਾਂ ਫਰਜ਼ੀ ਨਿਸ਼ਾਨਿਆਂ, ਲਾਰਿਆਂ ਤੇ ਇਨ੍ਹਾਂ ਦੇ ਬੰਧਨਾਂ ਤੋਂ ਬਚਿਆ ਰਹੇ। ਹਰ ਪ੍ਰਕਾਰ ਦੀ ਵਿਡਾਣੀ ਆਸ ਤੇ ਮੁਥਾਜੀ ਤੋਂ ਆਜ਼ਾਦ ਰਹੇ। ਆਪਣੀ ਜ਼ਮੀਰ ਨੂੰ ਪਛਾਣ ਕੇ "ਆਪਾ ਚੀਨ" ਕੇ, ਵਾਹਿਗੁਰੂ ਵਲੋਂ ਬਖਸ਼ੀ ਹਿੰਮਤ, ਮਿਹਨਤ ਤੇ ਲਗਨ ਨਾਲ ਆਪਣੇ ਗੁਣਾਂ ਤੇ ਸਮਰੱਥਾ ਦੇ ਆਧਾਰ ਉੱਤੇ ਪੂਰਨ ਵਿਸ਼ਵਾਸ ਨਾਲ ਚਲਦਿਆਂ ਹੋਇਆਂ, ਪਰਮ-ਸੱਚ ਉੱਤੇ ਪ੍ਰਤੀਤ ਤੇ ਸਿਦਕ ਰੱਖਦਿਆਂ ਹੋਇਆਂ, ਉਸ ਦੀ "ਪ੍ਰੀਤਿ ਚਰਨ ਕਮਲਾਰੇ" ਨੂੰ ਜ਼ਿੰਦਗੀ ਦਾ ਨਿਸ਼ਾਨਾ ਦੱਸਿਆ ਗਿਆ ਹੈ। ਜੀਵਨ ਵਿਚ ਉਸ ਨੂੰ ਕੋਈ ਆਸਰਾ, ਆਧਾਰ, ਟੇਕ ਜਾਂ ਸਹਾਰਾ ਹੈ ਤਾਂ ਉਹ ਕੇਵਲ ਪਰਮ ਸੱਚ ਪਰਮਾਤਮਾ ਦੇ ਭਾਣੇ ਤੇ ਰਜ਼ਾ ਦਾ

ਤੇ ਇਸ ਦੇ ਨਾਲ ਹੀ ਉਸ ਦੀ ਮਿਹਰ, ਬਖ਼ਸ਼ਿਸ਼ ਤੇ ਨਦਰ ਦਾ । ਨਿੱਜੀ ਮਿਹਨਤ ਅਤੇ ਗੁਣ ਤੇ ਪਰਮਾਤਮਾ ਦੀ ਬਖਸ਼ਿਸ਼ ਤੋਂ ਸਿਵਾਏ ਉਸ ਦੀ ਕਿਸੇ ਵੱਲ ਕੋਈ ਝਾਕ ਨਹੀਂ।

ਧਰ ਜੀਅਰੇ ਇਕ ਟੇਕ ਤੂੰ ਲਾਹਿ ਬਿਡਾਨੀ ਆਸ।।
ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ।।

(ਗਉੜੀ ਬਾਵਨ ਅਖਰੀ ਮ. ੫, ਪੰ. ੨੫੭)

"ਜੋ ਬਰ ਚਹੋਂ ਸੁ ਤੁਮ ਤੇ ਪਾਊਂ" ਦਾ ਵਿਸ਼ਵਾਸ, ਉਸ ਨੂੰ "ਨਿਸਚੈ ਕਰ ਅਪਨੀ ਜੀਤ ਕਰੋਂ" ਤੱਕ ਲੈ ਜਾਂਦਾ ਹੈ ਜਿਸ ਕਰਕੇ ਸਦਾ ਚੜ੍ਹਦੀ ਕਲਾ, ਇਸ ਦਾ ਸੁਭਾਅ ਬਣ ਗਿਆ ਹੈ।

## ੬. ਬ੍ਰਹਮ ਤੱਕ ਸਿਧੀ ਰਸਾਈ-ਕਿਸੇ ਪ੍ਰਕਾਰ ਦੀ ਵਿਚੋਲਗਿਰੀ ਤੋਂ ਆਜ਼ਾਦੀ

ਗੁਰਬਾਣੀ ਪਰਮ ਸੱਚ ਦੀ ਜਾਗਦੀ-ਜੋਤ ਨਾਲ ਮਨੁੱਖ ਦਾ ਸਿੱਧਾ ਸੰਬੰਧ ਪਰਵਾਨ ਕਰਦੀ ਹੈ ਅਤੇ ਮਨੁੱਖ ਤੇ ਪਰਮ-ਸੱਚ ਬ੍ਰਹਮ ਵਿਚਕਾਰ ਕਿਸੇ ਵਿਚੋਲੇ ਨੂੰ ਮਾਨਤਾ ਨਹੀਂ ਦਿੰਦੀ। ਇਹ ਪਰਮ ਸੱਚ ਬ੍ਰਹਮ ਜੋਤ ਦੇ ਰੂਪ ਵਿਚ ਮਨੁੱਖ ਦੇ ਹਿਰਦੇ ਵਿਚ, ਉਸ ਦੀ ਜ਼ਮੀਰ ਵਿਚ ਨਿਵਾਸ ਕਰਦਾ ਹੈ। ਇਸੇ ਕਰਕੇ ਮਨੁੱਖ ਦੀ ਜ਼ਮੀਰ ਉਸ ਦੀ ਆਤਮਾ ਹਮੇਸ਼ਾਂ ਆਜ਼ਾਦ ਹੁੰਦੀ ਹੈ, ਕਿਸੇ ਵੀ ਪ੍ਰਕਾਰ ਦੀ ਲਾਗ-ਲਪਟ ਤੋਂ ਕੰਵਲ ਫੁੱਲ ਵਾਂਗ ਨਿਰਲੇਪ ਹੁੰਦਾ ਹੈ ਅਤੇ ਇਹ ਹੀ ਮਨੁੱਖ ਦੀ ਆਜ਼ਾਦੀ ਦੀ ਜੜ੍ਹ ਜਾਂ ਗੰਢ (nucleus) ਹੁੰਦੀ ਹੈ ਜਿਸ ਕਰਕੇ ਹਰ ਮਨੁੱਖ ਕੁਦਰਤੀ ਤੌਰ ਉੱਤੇ, ਬ੍ਰਹਮ ਦਾ ਰੂਪ ਹੁੰਦਾ ਹੋਇਆ, ਆਜ਼ਾਦ ਹੁੰਦਾ ਹੈ। ਇਹ ਆਜ਼ਾਦ ਆਤਮਾ, ਜਿਥੇ ਕਿਸੇ ਓਪਰੇ ਪਰਭਾਵ ਨੂੰ ਪ੍ਰਵਾਨ ਨਹੀਂ ਕਰਦੀ, ਉਸ ਤੋਂ ਹਰ ਹੀਲੇ ਖ਼ਲਾਸੀ ਪਾਉਂਦੀ ਹੈ ਤੇ ਉਸ ਲਈ ਜੂਝਦੀ ਰਹਿੰਦੀ ਹੈ। ਉਥੇ ਇਹ ਆਪਣੀ ਅਪਣੱਤ ਜਾਂ ਨਿਜਤਵ ਤੇ ਹਉਮੈਂ ਦੇ ਪ੍ਰਭਾਵ ਯਾਨੀ ਹਰ ਪ੍ਰਕਾਰ ਦੇ ਲੋਭ, ਲਾਲਚ ਤੇ ਕੁਨਵਾ-ਪਰਵਸ਼ ਤੋਂ ਵੀ ਉੱਪਰ ਰਹਿੰਦੀ ਹੈ। ਇਸ ਦਾ ਇਕ ਪ੍ਰਭਾਵ ਤਾਂ ਸਭ ਲੋਕਾਂ ਨਾਲ ਇਕਸਾਰ, ਬਰਾਬਰੀ ਤੇ ਭਰੱਪਣ ਦਾ ਵਰਤਾਰਾ ਹੈ। ਦੂਸਰਾ ਪ੍ਰਭਾਵ ਇਸ ਦੀ ਬਰਾਬਰੀ ਦੇ ਆਧਾਰ ਉੱਤੇ ਨਿਰਪੱਖ ਇਨਸਾਫ ਤੇ ਬਿਬੇਕ ਦੀ ਸਮਰੱਥਾ ਹੈ। ਜਿਥੇ ਇਹ ਮਨੁੱਖ ਨੂੰ ਨਿਰਭਉ ਤੇ ਨਿਰਵੈਰ ਬਣਾਉਂਦੀ ਹੈ। ਉਥੇ ਇਹ ਮਨੁੱਖ ਵਿਚ ਹਰ ਪ੍ਰਕਾਰ ਦੇ ਦੈਵੀ ਗੁਣਾਂ ਤੇ ਚੰਗਿਆਈਆਂ ਦਾ ਸਰੋਤ ਬਣਦੀ ਹੈ। ਖਾਸ ਤੌਰ ਉੱਤੇ ਉਸ ਨੂੰ ਹੱਦ ਦਰਜੇ ਦਾ ਦਲੇਰ ਤੇ ਸੱਚ ਲਈ ਜੂਝ ਮਰਨ ਵਾਲਾ ਜੁਝਾਰੂ ਯੋਧਾ ਵੀ ਬਣਾਉਂਦੀ ਹੈ। ਇਹ ਆਜ਼ਾਦ ਜ਼ਮੀਰ ਮਨੁੱਖ ਦੀ ਗੁਰੂ ਰੂਪ ਹੋ ਕੇ ਅਗਵਾਈ ਵੀ ਕਰਦੀ ਹੈ, ਜਿਸ ਕਰਕੇ ਇਹ ਮੰਨਿਆ ਜਾਂਦਾ ਹੈ ਕਿ ਗੁਰੂ ਜਾਂ

ਪਰਮਾਤਮਾ ਨਾ ਕੇਵਲ ਸਾਡੇ ਅੰਦਰ ਹੀ ਵੱਸਦਾ ਹੈ ਸਗੋਂ ਹਮੇਸ਼ਾਂ ਸਾਡੇ ਅੰਗ-ਸੰਗ ਹੁੰਦਾ ਹੈ, ਹਰ ਔਕੜ ਵੇਲੇ ਸਾਡਾ ਸਹਾਈ ਵੀ ਹੁੰਦਾ ਹੈ। ਉਸ ਦਾ ਹਰ ਸਮੇਂ ਚੇਤਾ ਰੱਖਣਾ ਅਥਾਹ ਸ਼ਕਤੀ ਦਾ ਸਰੋਤ ਹੁੰਦਾ ਹੈ :

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥
ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ॥ (ਪੰਨਾ ੨੧੫)

ਤੇ ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ॥
ਸਦਾ ਅੰਗ ਸੰਗੇ ਅਭੰਗੰ ਬਿਭੂਤੇ॥ (ਜਾਪੁ ਸਾਹਿਬ)

ਗੁਰਬਾਣੀ ਗੁਰੂ ਨੂੰ ਇਸ ਜੋਤਿ ਦਾ ਨੁਮਾਇੰਦਾ ਪਰਵਾਣ ਕਰਦੀ ਹੈ ਅਤੇ ਮਨੁੱਖ ਨੂੰ ਜੀਵਨ-ਜੁਗਤੀ ਦੱਸਣ ਲਈ ਸਿਖਿਆ ਦੇ ਰੂਪ ਵਿਚ ਗੁਰੂ ਦੇ ਮੂੰਹ ਤੋਂ ਸ਼ਬਦ ਬਣ ਕੇ ਪ੍ਰਗਟ ਹੁੰਦੀ ਹੈ।

"ਗੁਰ ਸਾਖੀ ਜੋਤਿ ਪਰਗਟੁ ਹੋਇ ।" (ਧਨਾਸਰੀ ਮ. ੧)

ਜਿਸ ਕਰਕੇ ਗੁਰ-ਸ਼ਬਦ ਨੂੰ ਇਸ ਜੋਤਿ ਦਾ ਹੀ ਰੂਪ ਉਸ ਦੇ ਸਮਾਨ ਹੀ ਮੰਨਿਆ ਜਾਂਦਾ ਹੈ। ਇਹ ਸ਼ਬਦ ਮਨੁੱਖ ਨੂੰ ਉਸ ਦੇ ਅੰਦਰ ਵਸਦੇ ਬ੍ਰਹਮ ਦੀ ਪਛਾਣ ਕਰਨ ਵਿਚ ਹੀ ਸਹਾਈ ਨਹੀਂ ਹੁੰਦਾ, ਸਗੋਂ ਉਸ ਦੀ ਆਗਿਆ ਦਾ ਪਾਲਣ ਕਰਨ, ਉਸ ਵਰਗਾ ਹੋਣ ਤੇ ਉਸ ਦਾ ਅਨੁਸਾਰੀ ਹੋ ਕੇ ਦੁਨੀਆਂ ਵਿਚ ਵਿਚਰਨ ਦੇ ਯੋਗ ਬਣਾਉਂਦਾ ਹੈ। ਇਸ ਤਰ੍ਹਾਂ ਹਰ ਪੱਖੋਂ ਆਜ਼ਾਦ ਜ਼ਮੀਰ, ਆਜ਼ਾਦ ਰੂਹ, ਜਿਸ ਵਿਚ ਪਰਮਾਤਮਾ ਦੀ ਜੋਤਿ ਪੂਰਨ ਰੂਪ ਵਿਚ ਜਗ ਪੈਂਦੀ ਹੈ, ਜੋ ਹੋਰ ਕਿਸੇ ਵਿਡਾਣੀ ਆਸ ਵੱਲ ਨਹੀਂ ਝਾਕਦੀ, ਗੁਰਬਾਣੀ ਅਨੁਸਾਰ ਮਨੁੱਖ ਦਾ ਆਦਰਸ਼ ਹੈ, ਜਿਸ ਨੂੰ 'ਖਾਲਸ ਤਾਹਿ ਨਖਾਲਸ ਜਾਨੈ' ਕਿਹਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪ੍ਰਕਾਰ ਦੀ ਆਜ਼ਾਦ ਜ਼ਮੀਰ ਵਾਲੇ ਜਨ ਸਮੂੰਹ ਨੂੰ ਪਰਮਾਤਮਾ ਵਰਗੀ ਮਾਨਤਾ ਦਿੰਦਿਆ ਹੋਇਆਂ, ਇਸ ਨੂੰ 'ਖ਼ਾਲਸਾ ਮੇਰੋ ਇਸ਼ਟ ਸੁਹਿਰਦ' ਕਿਹਾ ਹੈ, ਇਸ ਨੂੰ "ਪੂਜਣ ਯੋਗ" ਕਿਹਾ ਹੈ।

## ੭. ਵਹਿਮਾਂ ਭਰਮਾਂ ਤੇ ਕਰਮ-ਕਾਂਡੀ ਸਿਲਸਲੇ ਤੋਂ ਆਜ਼ਾਦੀ

ਸਿੱਖੀ ਵਿਚ ਕਿਸੇ ਪ੍ਰਕਾਰ ਦੇ ਸ਼ੈਤਾਨ, ਡੈਵਿਲ, ਇਬਲੀਸ, ਦਾਨਵ, ਦੈਂਤ ਜਾਂ ਐਸੀ ਦੁਰਆਤਮਾ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ, ਜੋ ਮਨੁੱਖ ਨੂੰ ਸੱਚ ਦੇ ਮਾਰਗ ਤੋਂ ਕੁਰਾਹੇ ਪਾਉਂਦੀ ਹੋਵੇ, ਕਿਉਂਕਿ ਪਰਮ ਸੱਚ ਕਰਤਾ ਪੁਰਖ ਆਪ ਚੰਗਾ ਹੈ, ਮਨੁੱਖ ਲਈ ਦਿਆਲੂ ਤੇ ਮਿਹਰਬਾਨ ਹੈ, ਉਹ ਮਨੁੱਖ ਲਈ ਕੋਈ ਮਾੜੀ ਚੀਜ਼ ਜਾਂ ਅੜਿਕਾ ਕਿਉਂ ਪੈਦਾ ਕਰੇਗਾ। ਇਸੇ ਹੀ ਤਰ੍ਹਾਂ ਗੁਰਮਤਿ ਕਿਸੇ ਪ੍ਰਕਾਰ ਦੇ ਦੇਵੀ ਦੇਵਤਿਆਂ, ਨਛਤ੍ਰਾਂ, ਗ੍ਰਹਿਆਂ, ਦਿਨਾਂ,ਵਾਰਾਂ, ਮੱਸਿਆ, ਇਕਾਦਸ਼ੀ ਤੇ ਪੂਰਨਮਾਸ਼ੀ

ਆਦਿ ਥਿਤਾਂ ਜਾਂ ਜਾਨਵਰਾਂ (ਬਿੱਲੀ, ਕੁੱਤੇ ਆਦਿ) ਅਤੇ ਉੱਚੀ ਜਾਂ ਨੀਵੀਂ ਜਾਤ ਦੇ ਬੰਦਿਆਂ (ਬ੍ਰਾਹਮਣ ਜਾਂ ਚੂਹੜੇ) ਆਦਿ ਦੇ ਮਨੁੱਖ ਉੱਤੇ ਚੰਗੇ ਜਾਂ ਮਾੜੇ ਪ੍ਰਭਾਵ ਨੂੰ ਨਹੀਂ ਪਹਿਚਾਣਦੀ। ਇਨ੍ਹਾਂ ਦੇ ਸਗਨ, ਅਪਸਗਨ ਨੂੰ ਕੋਈ ਮਾਨਤਾ ਨਹੀਂ ਦਿੰਦੀ। ਨਾ ਹੀ ਇਨ੍ਹਾਂ ਦੇ ਪ੍ਰਭਾਵ ਨੂੰ ਟਾਲਣ ਜਾਂ ਘਟਾਣ ਲਈ ਕਿਸੇ ਪ੍ਰਕਾਰ ਦੇ ਪੂਜਾ ਪਾਠ, ਦਾਨ ਪੁੰਨ, ਵਰਤ ਨੇਮ ਜਾਂ ਇਸ਼ਨਾਨ ਆਦਿ ਨੂੰ ਕੋਈ ਅਹਿਮੀਅਤ ਦਿੰਦੀ ਹੈ।

"ਭੈ ਵਿਚਿ ਸੂਰਜੁ ਭੈ ਵਿਚਿ ਚੰਦੁ।।
ਕੋਹ ਕਰੋੜੀ ਚਲਤ ਨ ਅੰਤੁ।।" (ਵਾਰ ਆਸਾ ਮ: ੧, ਪੰਨਾ ੪੬੪)

ਅਨੁਸਾਰ ਇਹ ਸਾਰੇ ਗ੍ਰਹਿ ਕਰਤਾ ਪੁਰਖ ਦੇ ਹੁਕਮ ਅਨੁਸਾਰ ਆਪਣੇ ਚਾਲੇ ਚਲੀ ਜਾਂਦੇ ਹਨ। ਇਸ ਚਾਲ ਕਰਕੇ ਮੱਸਿਆ, ਇਕਾਦਸ਼ੀ ਤੇ ਪੂਰਨਮਾਸ਼ੀ ਆਦਿ ਚੰਦਰਮਾ ਦੇ ਬਦਲਦੇ ਪੜਾਓ ਹਨ। ਜਿਨ੍ਹਾਂ ਦਾ ਮਨੁੱਖੀ-ਜੀਵਨ ਉੱਤੇ ਕੋਈ ਚੰਗਾ ਜਾਂ ਮੰਦਾ ਪ੍ਰਭਾਵ ਨਹੀਂ ਹੁੰਦਾ, ਜਿਸ ਨੂੰ ਦਾਨ ਪੁੰਨ, ਇਸ਼ਨਾਨ ਤੇ ਪਾਠ ਆਦਿ ਕਰਮਾਂ ਕਰਕੇ ਟਾਲਿਆ ਜਾਵੇ। ਨਾ ਹੀ ਇਨ੍ਹਾਂ ਕਰਮਾਂ ਨਾਲ ਚੰਦਰਮਾ ਦੀ ਚਾਲ ਉੱਤੇ ਕੋਈ ਫ਼ਰਕ ਪੈਂਦਾ ਹੈ। ਇਸੇ ਹੀ ਤਰ੍ਹਾਂ ਸੂਰਜ ਤੇ ਚੰਦ ਗ੍ਰਹਿਣ ਇਨ੍ਹਾਂ ਦੀ ਨਿਯਮਤ ਚਾਲ ਦਾ ਫਲ ਹਨ। ਇਨ੍ਹਾਂ ਨੂੰ ਸੂਰਜ ਜਾਂ ਚੰਦਰਮਾ ਉੱਤੇ ਕਿਸੇ ਪ੍ਰਕਾਰ ਦਾ ਸੰਕਟ ਸਮਝਣਾ ਅਗਿਆਨਤਾ ਤੇ ਭੁਲੇਖਾ ਹੈ ਤੇ ਫਿਰ ਇਹ ਸਮਝਣਾ ਕਿ ਮਨੁੱਖ ਵਲੋਂ ਪਾਠ ਪੂਜਾ, ਦਾਨ, ਪੁੰਨ ਤੇ ਪ੍ਰਯਾਗ, ਕੁਰਕਸ਼ੇਤਰ ਆਦਿ ਵਿਚ ਇਸ਼ਨਾਨ ਕਰਨ ਨਾਲ ਇਹ ਸੰਕਟ ਦੂਰ ਹੋ ਜਾਵੇਗਾ ਕੇਵਲ ਵਹਿਮ ਤੇ ਭਰਮ ਹੀ ਹੈ। ਇਸੇ ਹੀ ਤਰ੍ਹਾਂ ਕਿਸੇ ਨਵੇਂ ਜੰਮੇ ਬੱਚੇ ਦਾ ਮਾਂ ਜਾਂ ਪਿਉ ਉੱਤੇ ਭਾਰੂ ਹੋਣਾ ਇਕ ਐਸਾ ਭੁਲੇਖਾ ਹੈ ਜੋ ਕਈ ਵਾਰੀ ਜ਼ਿੰਦਗੀਆਂ ਤਬਾਹ ਕਰਦਾ ਹੈ। ਸਿੱਖੀ ਵਿਚ ਇਸ ਪ੍ਰਕਾਰ ਦੇ ਵਹਿਮਾਂ-ਭਰਮਾਂ ਦੀ ਕੋਈ ਥਾਂ ਨਹੀਂ।

## ੮. ਗੁਰਮੁਖ ਮਾਇਆ ਵਿਚਿ ਉਦਾਸੀ

ਗੁਰਮਤਿ ਦੇ ਧਾਰਮਿਕ ਖੇਤਰ ਵਿਚ ਆਉਣ ਤੋਂ ਪਹਿਲਾਂ ਤਕਰੀਬਨ ਸਾਰੇ ਹੀ ਭਾਰਤੀ ਧਰਮ,ਮਾਇਆ ਨੂੰ ਇਕ ਐਸਾ ਛਲਾਵਾ ਸਮਝਦੇ ਸਨ, ਜਿਸ ਨੂੰ ਪਰਮਾਤਮਾ ਵੱਲੋਂ, ਮਨੁੱਖ ਨੂੰ ਕੁਰਾਹੇ ਪਾਉਣ ਲਈ ਸਿਰਜਿਆ ਹੋਇਆ ਮੰਨਿਆ ਜਾਂਦਾ ਸੀ। ਇਹ ਮਨੁੱਖ ਨੂੰ ਆਪਣੇ ਮੋਹ-ਜਾਲ ਵਿਚ ਫਸਾ ਕੇ, ਡੌਰ-ਭੌਰ ਤੇ ਪ੍ਰੇਸ਼ਾਨ ਕਰੀ ਰੱਖਦੀ ਹੈ ਤੇ ਉਹ ਭਗਤੀ ਦੇ ਰਾਹ ਨਹੀਂ ਪੈਂਦਾ।ਇਸ ਲਈ ਇਹ ਸਾਰੇ ਧਰਮ ਮਾਇਆ ਦੇ ਤਿਆਗ ਦਾ ਉਪਦੇਸ਼ ਦਿੰਦੇ ਹਨ ਜਿਸ ਕਰਕੇ ਲੋਕਾਂ ਦਾ ਰੁਝਾਨ ਵਸਦੀ-ਰਸਦੀ ਦੁਨੀਆਂ ਛੱਡ ਕੇ ਜੰਗਲਾਂ, ਬੀਆਬਾਨਾਂ, ਕੰਦਰਾਂ ਵਿਚ ਰਹਿਣ ਵੱਲ ਵੱਧਦਾ ਜਾ ਰਿਹਾ ਸੀ। ਮੰਗ ਕੇ ਖਾਣ ਵਾਲੇ ਵਿਹਲੜਾਂ ਦੀਆਂ ਧਾੜਾਂ ਵੱਧਦੀਆਂ ਜਾਂਦੀਆਂ ਸਨ ਤੇ ਇਹ ਲੋਕ ਸਤਿਕਾਰੇ ਵੀ ਜਾਂਦੇ ਸਨ। ਗੁਰਮਤਿ ਨੇ

ਇਸ ਨਕਾਰਾਤਮਿਕ ਰੁਚੀ ਨੂੰ ਰੋਕਣ ਲਈ ਮਾਇਆ ਪ੍ਰਤੀ ਸਕਾਰਾਤਮਕ ਤੇ ਹਾਂ-ਪੱਖੀ ਰਵੱਈਆ ਅਪਨਾਉਣ ਉੱਤੇ ਜ਼ੋਰ ਦਿੱਤਾ। ਗੁਰਮਤਿ ਮਾਇਆ ਤੇ ਮਮਤਾ ਨੂੰ ਸ੍ਰਿਸ਼ਟੀ ਦੇ ਚਲਦੇ ਰੱਖਣ ਲਈ ਪਰਮਾਤਮਾ ਦੇ ਹੁਕਮ ਦਾ ਜ਼ਰੂਰੀ ਅੰਗ ਪਰਵਾਨ ਕਰਦੀ ਹੈ। ਇਸ ਦੇ ਨਾਲ ਹੀ ਮਾਇਆ ਨੂੰ ਮਨੁੱਖ ਦੀ ਦਾਸੀ ਤੇ ਸੇਵਾਦਾਰ ਸਮਝਦੀ ਹੈ।

ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ॥

(ਗਉੜੀ ਮ. ੩, ਪੰ. ੨੩੧)

ਇਸ ਲਈ ਸਿੱਖੀ ਵਿਚ ਮਾਇਆ ਨੂੰ ਤਜਿਆ ਨਹੀਂ ਜਾਂਦਾ। ਮਿਹਨਤ ਨਾਲ ਕਮਾਈ ਕਰਕੇ ਪੈਦਾ ਕੀਤਾ ਜਾਂਦਾ ਹੈ ਤੇ ਇਸ ਨੂੰ ਦਾਸੀ ਬਣਾ ਕੇ ਵਰਤਿਆ ਜਾਂਦਾ ਹੈ। ਮਾਇਆ ਦੇ ਤਿਆਗ ਦੀ ਥਾਵੇਂ ਇਸ ਦੇ ਮੋਹ ਦਾ ਤਿਆਗ ਕਰਨ ਦਾ ਆਦੇਸ਼ ਹੈ। "ਗੁਰਮੁਖਿ ਮਾਇਆ ਵਿਚਿ ਉਦਾਸੀ" ਨੂੰ ਜੀਵਨ ਧਾਰਨਾ ਬਣਾਇਆ ਗਿਆ ਹੈ। ਆਪਣੀ ਕਿਰਤ ਕਮਾਈ ਕਰਕੇ ਆਪਣੇ ਪੈਰਾਂ ਉੱਤੇ ਖੜਾ ਹੋਣਾ, ਆਜ਼ਾਦ ਤੇ ਅਣਖੀ ਜੀਵਨ ਦਾ ਰਾਹ ਹੈ। ਭੁੱਖਾ, ਗਰੀਬ ਤੇ ਮੰਗਤਾ ਆਦਮੀ ਕਦੀ ਵੀ ਆਜ਼ਾਦ ਤੇ ਅਣਖੀਲਾ ਜੀਵਨ ਨਹੀਂ ਜਿਊ ਸਕਦਾ। ਉਸ ਦੀ ਜ਼ਮੀਰ ਆਸਾਨੀ ਨਾਲ ਖਰੀਦੀ ਜਾ ਸਕਦੀ ਹੈ, ਮਿਹਨਤ ਤੇ ਇਮਾਨਦਾਰੀ ਨਾਲ ਕੀਤੀ ਕਮਾਈ ਨੂੰ ਨਾ ਕੇਵਲ ਆਪਣੇ ਘਰ-ਪਰਿਵਾਰ ਉੱਤੇ ਹੀ ਖਰਚ ਕੀਤਾ ਜਾਂਦਾ ਹੈ, ਸਗੋਂ ਕੌਮ ਤੇ ਦੇਸ਼ ਦੇ ਲਾਭ ਲਈ ਦੂਸਰਿਆਂ ਦੇ ਭਲੇ ਤੇ ਉਸਾਰੂ ਕੰਮਾਂ ਲਈ ਦਾਨ ਵੀ ਖੁਲ੍ਹ ਕੇ ਦਿੱਤਾ ਜਾਂਦਾ ਹੈ। ਹਾਂ, ਜੇਕਰ ਕੋਈ ਬੰਦਾ ਇਸ ਸੇਵਾਦਾਰ-ਦਾਸੀ, ਕੋਲੋਂ ਸੇਵਾ ਲੈਣ ਦੀ ਬਜਾਏ, ਲੁੱਟ-ਖਸੁੱਟ ਵਿਚ ਪੈ ਜਾਵੇ ਜਾਂ ਇਸ ਦੀ ਗੁਲਾਮੀ ਕਰੇ ਤਾਂ ਉਹ ਕੁੱਤੇ ਵਾਂਗ ਥਾਂ-ਥਾਂ ਭਟਕਦਾ ਤੇ ਦੁਖੀ ਹੁੰਦਾ ਹੈ। ਮਾਇਆ ਦੀ ਗੁਲਾਮੀ ਸਿੱਖ ਆਚਰਨ ਦੇ ਵਿਰੁੱਧ ਹੈ। ਦਾਸੀ ਨੂੰ ਦਾਸੀ ਬਣਾ ਕੇ ਰੱਖਣਾ ਹੀ ਉਚਿੱਤ ਹੈ। ਇਸ ਤਰ੍ਹਾਂ ਗੁਰਮਤਿ ਨੇ ਮਾਇਆ ਪ੍ਰਤੀ ਉਸਰੇ ਵਹਿਮ ਤੇ ਭਰਮ ਨੂੰ ਖਤਮ ਕੀਤਾ।

ਸਿੱਖੀ ਵਿਚ ਮਨੁੱਖ ਨੂੰ ਉੱਪਰ ਦੱਸੇ, ਜਨਮ, ਜਾਤ, ਧਰਮ, ਕਿੱਤੇ ਤੇ ਕਈ ਪ੍ਰਕਾਰ ਦੇ ਬੇ-ਬੁਨਿਆਦ, ਫਰਜ਼ੀ ਤੇ ਮਨਘੜਤ ਢਕੌਂਸਲਿਆਂ, ਬੰਧਨਾਂ, ਡਰਾਂ, ਵਹਿਮਾਂ-ਭਰਮਾਂ ਭੁਲੇਖਿਆਂ ਤੋਂ ਆਜ਼ਾਦ ਮੰਨਿਆ ਜਾਂਦਾ ਹੈ। ਇਨ੍ਹਾਂ ਤੋਂ ਆਜ਼ਾਦੀ ਦੇ ਪ੍ਰਤੀਕਾਤਮਿਕ ਰੂਪ ਵਜੋਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਉਣ ਵੇਲੇ ਇਸ ਜਨਮ ਸਿੱਧ ਆਜ਼ਾਦੀ ਨੂੰ ਦ੍ਰਿੜ੍ਹ ਕਰਨ ਲਈ ਪਿੱਛਲਾ ਧਰਮ ਨਾਸ, ਕਰਮ ਨਾਸ, ਕੁਲ (ਜਾਤ) ਨਾਸ, ਸਰਮ ਨਾਸ ਤੇ ਭਰਮ ਨਾਸ ਦਾ ਆਦੇਸ਼ ਦਿੱਤਾ ਸੀ। ਇਸ ਆਦੇਸ਼ ਨੂੰ ਕੁਝ ਲੋਕ "ਨਾਸ ਸਿਧਾਂਤ" ਆਖਦੇ ਹਨ।

## ੯. ਮਨੁੱਖ ਦੀ ਸਰਦਾਰੀ

ਇਹ ਮਨਘੜਤ ਢਕੌਂਸਲੇ, ਵਹਿਮ ਤੇ ਭਰਮ, ਗੈਰ ਕੁਦਰਤੀ ਹਨ, ਮਨੁੱਖ ਦੇ ਘੜੇ ਹੋਏ ਹਨ। ਇਨ੍ਹਾਂ ਦੇ ਮਗਰ ਲਗਣਾ, "ਹੁਕਮਿ ਰਜਾਈ ਚਲਣਾ" ਦੇ ਰਾਹ ਤੋਂ ਭਟਕ ਜਾਣਾ ਹੋਵੇਗਾ। ਇਨ੍ਹਾਂ ਦੇ ਫ਼ਰਜੀ ਤੇ ਮਨਘੜਤ ਜੰਜਾਲ ਨੂੰ ਕੱਟਣ ਤੇ ਡੂੰਘਾ ਦਫ਼ਨ ਕਰਨ ਲਈ ਗੁਰਬਾਣੀ ਦੀ ਇਹ ਧਾਰਨਾ ਹੈ ਕਿ ਮਨੁੱਖੀ-ਜਨਮ ਕਰਤਾ ਪੁਰਖ ਦੀ ਅਪਾਰ ਕ੍ਰਿਪਾ, ਮਿਹਰ ਤੇ ਉਚੇਰੀ ਬਖ਼ਸ਼ਿਸ਼ ਕਰਕੇ ਪ੍ਰਾਪਤ ਹੁੰਦਾ ਹੈ ਤਾਂ ਕਿ ਮਨੁੱਖ ਦਾ ਉਸ ਪਰਮ ਹਸਤੀ ਨਾਲ ਸਿੱਧਾ ਸੰਬੰਧ ਦ੍ਰਿੜ੍ਹ ਹੋ ਸਕੇ। ਗੁਰਬਾਣੀ ਦਾ ਵਿਸ਼ਵਾਸ ਹੈ ਕਿ ਕਰਤਾ ਪੁਰਖ ਕਿਸੇ ਆਤਮਾ ਨੂੰ ਮਨੁੱਖੀ-ਸਰੀਰ ਦੇ ਰੂਪ ਵਿਚ ਜਨਮ ਦੇ ਕੇ ਇਹ ਅਵਸਰ ਤੇ ਇਹ ਮੌਕਾ ਦਿੰਦਾ ਹੈ ਕਿ ਉਹ ਪਰਮ ਸੱਚ ਦੀ ਪਛਾਣ ਕਰਕੇ, ਉਸ ਦੀ ਸੇਵਾ ਤੇ ਸਿਮਰਨ ਦੁਆਰਾ ਉਸ ਨਾਲ ਇਕ-ਰਸ ਤੇ ਇਕ-ਸੁਰ ਹੁੰਦਾ ਹੋਇਆ, ਉਸ ਵਿਚ ਸਮਾ ਸਕੇ। "ਗੋਬਿੰਦ ਮਿਲਣ ਕੀ ਏਹ ਤੇਰੀ ਬਰੀਆ" ਦਾ ਇਹ ਅਵਸਰ ਪਰਮਾਤਮਾ ਵਲੋਂ ਸਰਾਪ ਦੇ ਕੇ ਉਸ ਦੀ ਹਜ਼ੂਰੀ ਵਿਚੋਂ ਕੱਢੇ ਜਾਣ ਕਰਕੇ ਨਹੀਂ ਸਗੋਂ ਇਹ ਤਾਂ

ਗੁਰ ਸੇਵਾ ਤੇ ਭਗਤਿ ਕਮਾਈ॥
ਤਬ ਇਹ ਮਾਨਸ ਦੇਹੀ ਪਾਈ॥
(ਭੈਰਉ ਕਬੀਰ ਜੀ, ਪੰ. ੧੧੫੯)

ਦਾ ਵਰਦਾਨ ਹੈ। ਇਸ ਵਿਚਾਰ ਉੱਤੇ ਹੋਰ ਬਲ ਦਿੰਦਿਆਂ, ਇਸ ਨੂੰ ਹੋਰ ਦ੍ਰਿੜ੍ਹ ਕਰਦਿਆਂ ਭਗਤ ਕਬੀਰ ਜੀ ਇਥੋਂ ਤੱਕ ਕਹਿੰਦੇ ਹਨ ਕਿ ਦੇਵਤੇ ਵੀ ਤਰਸਦੇ ਹਨ ਤੇ ਤਰਲੇ ਲੈਂਦੇ ਹਨ ਕਿ ਉਨ੍ਹਾਂ ਨੂੰ ਵੀ ਮਨੁੱਖਾ ਜਨਮ ਮਿਲੇ ਤਾਂ ਕਿ ਉਨ੍ਹਾਂ ਨੂੰ ਵੀ ਸੇਵਾ ਤੇ ਸਿਮਰਨ ਦੁਆਰਾ ਪਰਮ ਸੱਚ ਵਿਚ ਲੀਨ ਹੋਣ ਦਾ ਮੌਕਾ ਮਿਲੇ :

ਇਸ ਦੇਹੀ ਕਉ ਸਿਮਰਹਿ ਦੇਵ॥
ਸਾ ਦੇਹੀ ਭਜੁ ਹਰਿ ਕੀ ਸੇਵ॥ (ਪੰ. ੧੧੫੯)

ਇਸ ਵਿਚਾਰ ਨਾਲ ਮਨੁੱਖ ਨੂੰ ਹਰ ਪ੍ਰਕਾਰ ਦੇ ਦੇਵੀ ਦੇਵਤਿਆਂ ਤੋਂ ਸ੍ਰੇਸ਼ਟ ਤੇ ਉੱਤਮ ਮੰਨਿਆ ਗਿਆ ਹੈ, ਜਿਸ ਦੇ ਫਲਸਰੂਪ ਮਨੁੱਖ ਨੂੰ ਹਰ ਪ੍ਰਕਾਰ ਦੇ ਦੇਵਤਿਆਂ ਦੀ ਪੂਜਾ, ਅਰਚਨਾ ਤੇ ਉਨ੍ਹਾਂ ਕੋਲੋਂ ਰੱਖਿਆ ਕਰਨ ਜਾਂ ਹੋਰ ਕਿਸੇ ਪ੍ਰਕਾਰ ਦੀਆਂ ਮੁਰਾਦਾਂ ਮੰਗਣ ਤੋਂ ਆਜ਼ਾਦੀ ਮਿਲ ਜਾਂਦੀ ਹੈ। ਇਹ ਹੀ ਮੁੱਖ ਫ਼ਰਕ ਹੈ ਗੁਰਮਤਿ ਤੇ ਵੇਦਾਂ ਦੀ ਵਿਚਾਰਧਾਰਾ ਦਾ, ਜਿਥੇ ਮਨੁੱਖ ਨੂੰ ਕਈ ਪ੍ਰਕਾਰ ਦੇ ਦੇਵੀ ਦੇਵਤਿਆਂ ਨੂੰ ਪ੍ਰਸੰਨ ਕਰਨ ਦਾ ਆਦੇਸ਼ ਹੈ ਤੇ ਇਨ੍ਹਾਂ ਦੇਵੀ ਦੇਵਤਿਆਂ ਨੂੰ ਪਰਮ

ਸੱਚ ਤੱਤ ਰਸਾਈ ਦਾ ਮਾਧਿਅਮ ਮੰਨਿਆ ਗਿਆ ਹੈ।

ਭਗਤ ਕਬੀਰ ਦਾ ਉੱਪਰ ਦੱਸਿਆ ਵਿਚਾਰ ਜਿਥੇ ਮਨੁੱਖ ਨੂੰ ਸਹੀ ਅਰਥਾਂ ਵਿਚ ਅਸ਼ਰਫ-ਉਲ-ਮਖਲੂਕਾਤ ਤੇ ਪਰਮਾਤਮਾ ਦੀ ਸਰਵੋਤਮ ਕਿਰਤ ਵਜੋਂ ਸਥਾਪਤ ਕਰਦਾ ਹੈ, ਉਥੇ ਇਨ੍ਹਾਂ ਦੇਵੀ ਦੇਵਤਿਆਂ ਦੀ ਮੁਥਾਜੀ ਤੋਂ ਵੀ ਆਜ਼ਾਦ ਕਰਦਾ ਹੈ। ਗੁਰਮਤਿ ਇਸ ਤੋਂ ਹੋਰ ਅਗੇਰੇ ਜਾਂਦਿਆਂ, ਮਨੁੱਖ ਨੂੰ ਪਰਮ ਸੱਚ ਪਰਮਾਤਮਾ ਦਾ ਅਕਸ ਤੇ ਉਸ ਦਾ ਪ੍ਰਤਿਬਿੰਬ ਮੰਨਦੀ ਹੈ। ਮਨੁੱਖੀ-ਮਨ ਨੂੰ "ਜੋਤਿ ਸਰੂਪ" ਕਿਹਾ ਹੈ ਤੇ ਮਨੁੱਖੀ-ਸਰੀਰ ਨੂੰ ਪਰਮਾਤਮਾ ਦੀ ਜੋਤਿ ਦਾ ਨਿਵਾਸ :

ਏ ਸਰੀਰਾ ਮੇਰਿਆ
ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ।।
(ਰਾਮਕਲੀ ਮ. ੩, ਅਨੰਦੁ)

ਫਿਰ ਗੁਰਮਤਿ ਅਨੁਸਾਰ ਮਨੁੱਖ ਦੁਨੀਆਂ ਉੱਤੇ ਦੁੱਖ ਭੋਗਣ ਲਈ ਜਾਂ ਪਰਮਾਤਮਾ ਦੇ ਸਰਾਪ ਅਨੁਸਾਰ ਸਜ਼ਾ ਭੋਗਣ ਲਈ ਨਹੀਂ ਆਉਂਦਾ, ਸਗੋਂ ਕੁਦਰਤ ਤੇ ਸਾਰੀ ਕਾਇਨਾਤ ਮਾਇਆ ਸਮੇਤ ਇਸ ਦੀ ਸੇਵਾ ਤੇ ਇਸ ਦੇ ਸੁਖ ਲਈ ਇਸ ਦੇ ਸਪੁਰਦ ਕੀਤੀ ਗਈ ਤੇ ਇਸ ਦੀ ਤਾਬਿਆਦਾਰੀ ਵਿਚ ਰੱਖੀ ਗਈ ਹੈ:

ਅਵਰ ਜੋਨਿ ਤੇਰੀ ਪਨਿਹਾਰੀ।।
ਇਸੁ ਧਰਤੀ ਮਹਿ ਤੇਰੀ ਸਿਕਦਾਰੀ।। (ਆਸਾ ਮ. ੫, ਪੰ. ੩੭੪)

ਮਨੁੱਖ ਨੂੰ ਸਾਰੀ ਕਾਇਨਾਤ ਦਾ ਸਰਦਾਰ ਮੰਨਿਆ ਗਿਆ ਹੈ। ਇਸ ਸਾਰੇ ਕੁਝ ਦਾ ਤੱਤ ਭਾਵ ਇਹ ਹੈ ਕਿ ਮਨੁੱਖ ਵਿਚੋਂ ਹਰ ਪ੍ਰਕਾਰ ਦਾ ਹੀਣਤਾ ਭਾਵ, ਡਰ, ਪਰਾਈ ਝਾਕ ਤੇ ਵਿਡਾਣੀ ਆਸ ਦੂਰ ਕਰਕੇ ਉਸ ਵਿਚ ਪਰਮ ਸੱਚ ਪਰਮਾਤਮਾ ਦੀ ਟੇਕ ਤੇ ਪ੍ਰਤੀਤ ਦੇ ਸਹਾਰੇ ਸ੍ਵੈ-ਵਿਸ਼ਵਾਸ, ਹੌਂਸਲਾ, ਸਾਹਸ ਤੇ ਦ੍ਰਿੜ੍ਹਤਾ ਪੈਦਾ ਕੀਤੀ ਜਾ ਸਕੇ ਤਾਂ ਕਿ ਉਹ ਜ਼ਿੰਦਗੀ ਨੂੰ ਪੂਰੀ ਹਿੰਮਤ ਤੇ ਜੇਰੇ (**fortitude**) ਨਾਲ ਜਿਊ ਸਕੇ ਅਤੇ ਮਨੁੱਖ ਮਾਤਰ ਲਈ ਨਿਸ਼ਚਤ ਨਿਸ਼ਾਨੇ ਪਰਮ ਸੱਚ ਤੇ ਪਰਮ ਤੱਤ ਦੀ ਪਛਾਣ ਕਰਕੇ ਉਸ ਨਾਲ ਅਭੇਦਤਾ, ਇਕ-ਸੁਰਤਾ ਤੇ ਉਸ ਵਿਚ ਲੀਣਤਾ ਵੱਲ ਬੇਖਟਕੇ ਆਜ਼ਾਦੀ ਨਾਲ ਚਲ ਸਕੇ। ਆਜ਼ਾਦੀ ਦਾ ਇਹ ਝਲਕਾਰਾ ਇਸ ਸਵੈਯੇ ਤੋਂ ਪ੍ਰਤੱਖ ਹੁੰਦਾ ਹੈ :

ਪਾਂਇ ਗਹੇ ਜਬ ਤੇ ਤੁਮਰੇ ਤੱਬ ਤੇ ਕੋਊ ਆਂਖ ਤਰੇ ਨਹੀਂ ਆਨਜੋ।।
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਜੋ।।
ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਜੋ।।
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈਂ ਨ ਕਹਜੋ ਸਭ ਤੋਹਿ ਬਖਾਨਜੋ।।

ਪਰਮ ਸੱਚ ਦੇ ਭਾਣੇ ਤੇ ਹੁਕਮ ਤੋਂ ਸਿਵਾ ਕਿਸੇ ਵੀ ਓਪਰੇ ਪ੍ਰਭਾਵ ਨੂੰ ਕਬੂਲ ਨਾ ਕਰਨ ਵਾਲਾ ਮਨੁੱਖ ਹੀ ਮੁਕੰਮਲ ਰੂਪ ਵਿਚ ਨਿਰਲੇਪ, ਨਿਰਭਉ ਤੇ ਨਿਰਵੈਰ ਹੁੰਦਾ ਹੋਇਆ ਪੂਰੀ ਇਮਾਨਦਾਰੀ, ਖਰੇਪਣ ਤੇ ਅਡੋਲ ਦ੍ਰਿੜ੍ਹਤਾ ਨਾਲ ਪਰਮ ਸੱਚ ਦੇ ਮਾਰਗ ਉੱਤੇ ਚਲ ਸਕਦਾ ਹੈ।

## ੧੦. ਆਜ਼ਾਦੀ ਦਾ ਮੂਲ ਸਰੋਤ

ਸਿੱਖ ਦੀ ਆਜ਼ਾਦੀ ਦਾ ਮੂਲ ਸਰੋਤ, ਕਰਤਾ ਪੁਰਖ ਦੇ ਨਾਮ ਦੇ ਰੂਪ ਵਿਚ ਸਰਬ ਵਿਆਪੀ ਹੋਂਦ ਤੇ ਉਸ ਦੀ ਸਰਬ ਸ਼ਕਤੀਮਾਨ ਸਮਰੱਥਾ ਉੱਤੇ ਸਿਦਕ ਤੇ ਭਰੋਸਾ ਹੈ। ਭਾਵੇਂ ਕਰਤਾ ਪੁਰਖ ਦਾ ਕੋਈ ਖਾਸ ਨਿਸਚਿਤ ਰੂਪ ਨਹੀਂ ਮਿਥਿਆ ਜਾ ਸਕਦਾ, ਪਰ ਉਸ ਦੀ ਰੂਹ, ਕੁਦਰਤ ਦੇ ਸਾਰੇ ਅੰਗਾਂ, ਰੰਗਾਂ ਤੇ ਢੰਗਾਂ ਵਿਚ ਐਸੇ ਸੁਚਾਲੂ ਰੂਪ ਵਿਚ ਪਸਰ ਰਹੀ ਹੈ ਕਿ ਉਹ ਇਨ੍ਹਾਂ ਨੂੰ ਆਪਣੇ ਹੁਕਮ ਤੇ ਭਾਣੇ ਵਿਚ ਬਿਨਾਂ ਕਿਸੇ ਲਾਗ-ਲਪੇਟ ਜਾਂ ਲਿਹਾਜ਼-ਮੁਲਾਹਜ਼ੇ ਦੇ, ਬਿਨਾਂ ਕਿਸੇ ਰੋਕ-ਟੋਕ ਦੇ ਨਿਰੰਤਰ ਚਲਾ ਰਹੀ ਹੈ। ਇਨ੍ਹਾਂ ਵਿਚ ਉਸ ਦੀ ਰੂਹ ਦੇ ਅਨੇਕਾਂ ਲੱਛਣ, ਅਨੇਕਾਂ ਸਿਫ਼ਤਾਂ ਦੇ ਰੂਪ ਵਿਚ ਪਛਾਣੇ ਜਾ ਸਕਦੇ ਹਨ। ਸ਼ਬਦ ਰੂਪ ਵਿਚ ਪਛਾਣੀਆਂ ਇਨ੍ਹਾਂ ਸਿਫ਼ਤਾਂ ਨੂੰ ਆਪਣੇ ਮਨ ਵਿਚ ਵਸਾਉਣਾ, ਆਪਣੀ ਜ਼ਿੰਦਗੀ ਨੂੰ ਇਨ੍ਹਾਂ ਦੇ ਅਨੁਕੂਲ ਢਾਲਣਾ ਤੇ ਇਨ੍ਹਾਂ ਨੂੰ ਅਪਣਾਨਾ ਹੀ ਨਾਮ ਸਿਮਰਨ ਹੈ। ਇਹ ਹੀ ਸ਼ਬਦ ਤੇ ਸੁਰਤ ਦਾ ਸੰਜੋਗ ਹੈ ਤੇ ਉਸ ਨਾਲ ਇਕਮਿਕ ਹੋਣ ਦਾ "ਗੋਬਿੰਦ ਮਿਲਣ" ਦਾ ਰਾਹ ਹੈ, ਜੋ ਕੇਵਲ ਮਨੁੱਖ ਹੀ ਕਰ ਸਕਦਾ ਹੈ।

ਇਨ੍ਹਾਂ ਅਨੇਕ ਸਿਫ਼ਤਾਂ ਵਿਚੋਂ ਉਸ ਦੀ ਸਰਬ ਸ਼ਕਤੀਮਾਨ ਸਮਰੱਥਾ ਉਸ ਦਾ ਸਰਬ ਪ੍ਰਤਿਪਾਲਕ ਤੇ ਦਿਆਲੂ ਰੂਪ ਹੋਣਾ, ਹਰ ਇਕ ਨੂੰ ਬਖਸ਼ ਦੇਣ ਤੇ ਮੁਆਫ਼ ਕਰਨ ਵਾਲਾ ਹੋਣਾ, ਹਰ ਇਕ ਨਾਲ ਇਕਸਾਰ ਪਿਆਰ ਕਰਨ ਵਾਲਾ ਤੇ ਔਖ ਵੇਲੇ ਪੂਰੀ ਤਾਕਤ ਨਾਲ ਸਹਾਇਤਾ ਕਰਨ ਵਾਲਾ, ਹਰ ਸਮੇਂ ਹਰ ਇਕ ਵਿਚ ਖੁਦ ਸੁਚਾਲੂ ਰੂਪ ਵਿਚ ਮਾਰਗ ਦਰਸ਼ਕ ਯਾਨੀ ਗੁਰੂ ਰੂਪ ਵਿਚ ਮੌਜੂਦ ਹੋਣਾ ਤੇ ਅਲਿਪਤ ਰਹਿਣਾ, ਕੁਝ ਐਸੀਆਂ ਸਿਫ਼ਤਾਂ ਹਨ ਜਿਨ੍ਹਾਂ ਉੱਤੇ ਸਿਦਕ ਤੇ ਵਿਸ਼ਵਾਸ, ਮਨੁੱਖ ਵਿਚ ਆਜ਼ਾਦੀ ਦੀ ਭਾਵਨਾ ਦਾ ਸਰੋਤ ਸਾਬਤ ਹੁੰਦਾ ਹੈ। ਅਸਲ ਵਿਚ ਗੁਰਬਾਣੀ ਇਸ ਗੱਲ ਨੂੰ ਦ੍ਰਿੜ੍ਹ ਕਰਦੀ ਹੈ ਕਿ ਉਸ ਪਰਮ ਸੱਚ ਦੀ ਰੂਹ, ਜੋ ਇਨ੍ਹਾਂ ਸਾਰੀਆਂ ਸਿਫ਼ਤਾਂ ਦਾ ਜੋੜ ਹੈ ਤੇ ਜਿਸ ਨੂੰ ਨਾਮ ਕਿਹਾ ਹੈ, ਹਰ ਮਨੁੱਖ ਵਿਚ ਇਕਸਾਰ ਮੌਜੂਦ ਹੁੰਦੀ ਹੈ। ਇਸ ਦਾ ਵਾਸਾ ਹਰ ਮਨੁੱਖ ਦੀ ਆਤਮਾ ਉਸ ਦੀ ਜ਼ਮੀਰ ਵਿਚ ਹੁੰਦਾ ਹੈ। ਇਸੇ ਵਾਸਤੇ ਹਰ ਮਨੁੱਖ ਦੀ ਆਤਮਾ ਉਸ ਪਰਮ ਸੱਚ ਦੀ ਰੂਹ ਉਸ ਦੀ ਜੋਤਿ ਦਾ ਹੀ ਰੂਪ ਹੁੰਦੀ ਹੈ ਤੇ ਇਸੇ ਵਾਸਤੇ ਆਜ਼ਾਦ ਹੁੰਦੀ ਹੈ। ਇਸ ਜੋਤਿ ਦੀ ਪਛਾਣ ਆਪਾ ਚੀਨਣ—**self analysis**—ਦੁਆਰਾ ਕੀਤੀ ਜਾ ਸਕਦੀ

ਹੈ। ਇਸ ਰਸਤੇ ਇਨ੍ਹਾਂ ਸਿਫਤਾਂ ਦੇ ਮਾਲਕ ਇਨ੍ਹਾਂ ਦੇ ਸਰੋਤ ਕਰਤਾ ਪੁਰਖ ਉੱਤੇ ਸਿਦਕ ਤੇ ਭਰੋਸਾ ਉਸ ਨਾਲ ਐਸੀ ਸਾਂਝ ਸਥਾਪਤ ਕਰ ਦੇਵੇਗਾ ਕਿ ਮਨੁੱਖ ਉਸ ਪਰਮ ਸੱਚ ਨੂੰ ਆਪਣਾ ਸੱਜਣ, ਮਿਤ੍ਰ ਸਖਾ ਤੇ ਯਾਰ ਸਮਝਣ ਲੱਗ ਪਵੇਗਾ। ਆਪਣੇ ਸਭ ਫ਼ਿਕਰ ਤੇ ਚਿੰਤਾ ਇਸ "ਭਾਰੀ ਭੁਜਾਨ ਕੋ ਭਾਰੀ ਭਰੋਸੋ" ਉੱਤੇ ਛੱਡ ਕੇ ਨਿਰਭਉ ਤੇ ਨਿਰਵੈਰ ਹੁੰਦਾ ਹੋਇਆ ਸਹਿਜ ਭਾਵ ਵਾਲਾ ਸਮਰਪਤ ਜੀਵਨ ਜਿਉਣ ਲੱਗ ਪਵੇਗਾ। ਇਨ੍ਹਾਂ ਸਿਫ਼ਤਾਂ ਨੂੰ ਸਿਮਰਨ ਦੁਆਰਾ ਅਪਣਾਨ ਨਾਲ ਮਨੁੱਖ ਦੇ ਵਿਅਕਤੀਗਤ ਜੀਵਨ ਵਿਚ ਉੱਚ ਦਰਜੇ ਦੀਆਂ ਇਖਲਾਕੀ ਕਦਰਾਂ ਤੇ ਕੀਮਤਾਂ ਜਿਨ੍ਹਾਂ ਨੂੰ ਦੈਵੀ ਗੁਣ ਆਖਦੇ ਹਨ, ਉਨ੍ਹਾਂ ਦਾ ਵਿਕਾਸ ਹੋਵੇਗਾ ਤੇ ਉਸ ਨੂੰ ਜ਼ਿੰਦਗੀ ਚੰਗੀ-ਚੰਗੀ ਤੇ ਪਿਆਰੀ-ਪਿਆਰੀ ਲਗੇਗੀ:

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥

(ਪੰਨਾ ੫੨੨)

ਉਹ ਨਿਸਚਿੰਤ ਹੋ ਕੇ ਸਭ ਫ਼ਿਕਰ ਤੇ ਚਿੰਤਾਵਾਂ ਆਪਣੇ "ਯਾਰ" ਉੱਤੇ ਛੱਡ ਕੇ ਸਮਾਜੀ ਤੌਰ 'ਤੇ ਸਫ਼ਲ ਇਨਸਾਨ ਬਣ ਜਾਵੇਗਾ। ਇਸ ਦੇ ਨਾਲ ਹੀ ਉਹ ਹੱਦ ਦਰਜੇ ਦਾ ਦਲੇਰ ਤੇ ਬੇਪਰਵਾਹ ਵੀ ਹੋ ਜਾਵੇਗਾ। ਆਪਣੇ ਸਰਬ ਸਮਰਥ "ਯਾਰ" ਦੀ ਟੇਕ ਤੇ ਸਹਾਰੇ ਉਤੇ ਉਸ ਦੀ ਰਜ਼ਾ ਨੂੰ ਮਿੱਠਾ ਕਰਕੇ ਮੰਨਣ ਨਾਲ

ਤੈਸਾ ਹਰਖੁ ਤੈਸਾ ਉਸੁ ਸੋਗੁ॥
ਸਦਾ ਅਨੰਦੁ ਤਹ ਨਹੀ ਬਿਓਗੁ॥

(ਗਉੜੀ ਸੁਖਮਨੀ ਮ. ੫, ਪੰ. ੨੭੫)

ਦੀ ਅਵਸਥਾ ਵਿਚ ਜਿਊਂਦਾ ਹੋਇਆ ਹਰ ਪ੍ਰਕਾਰ ਦੇ ਝੱਖੜ ਝਾਂਜਿਆ ਦਾ ਬਿਨਾਂ ਝੋਰੇ ਜਾਂ ਮਲਾਲ ਦੇ ਹਸੀ ਖੁਸ਼ੀ ਦਲੇਰੀ ਨਾਲ ਮੁਕਾਬਲਾ ਕਰ ਲਵੇਗਾ। ਇਸ ਟੇਕ ਦੇ ਆਧਾਰ ਉੱਤੇ ਹਰ ਪ੍ਰਕਾਰ ਦੇ ਦੁੱਖ ਤੇ ਸੁਖ ਤੋਂ ਆਜ਼ਾਦ ਹੋ ਜਾਵੇਗਾ। ਗੁਰੂ ਤੇਗ਼ ਬਹਾਦਰ ਜੀ ਇਸ ਜੀਵਨ ਜੁਗਤੀ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ ਇਸ ਦੀ ਸਮਝ ਕੇਵਲ ਗੁਰੂ ਦੀ ਕਿਰਪਾ ਦੁਆਰਾ ਹੀ ਹੁੰਦੀ ਹੈ:

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥

ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥
(ਸੋਰਠਿ ਮ. ੯, ਪੰਨਾ ੬੩੩)

## ੧੧. ਹੀਣਤਾ ਤੇ ਸ੍ਰੇਸ਼ਟਤਾ ਭਾਵਾਂ ਤੋਂ ਆਜ਼ਾਦੀ

ਨਾਮ ਵਿਚ ਵਿਸ਼ਵਾਸ ਯਾਨੀ "ਸਭ ਮਹਿ ਜੋਤਿ ਜੋਤਿ ਹੈ ਸੋਇ" ਦੀ ਪਛਾਣ ਮਨੁੱਖੀ ਏਕਤਾ ਵਿਚ ਦ੍ਰਿੜ੍ਹ ਵਿਸ਼ਵਾਸ ਦਾ ਆਧਾਰ ਬਣਦੀ ਹੈ। ਜਨਮ, ਜਾਤ, ਧਰਮ, ਰੰਗ, ਨਸਲ, ਕਿੱਤੇ, ਅਮੀਰੀ, ਗਰੀਬੀ, ਇਲਾਕਈ ਭਿੰਨਤਾ, ਇਸਤ੍ਰੀ ਜਾਂ ਮਰਦ ਹੋਣ ਤੇ ਹੋਰ ਹਰ ਪ੍ਰਕਾਰ ਦੇ ਵਿਤਕਰੇ ਪੱਖ ਪਾਤ, ਰਿਆਇਤਾਂ ਤੇ ਛੋਟਾਂ; ਬਨਾਉਟੀ ਵਹਿਮ ਤੇ ਭਰਮ ਭੁਲੇਖੇ ਜੋ ਮਨੁੱਖੀ ਲੁੱਟ-ਖਸੁੱਟ ਦਾ ਕਾਰਣ ਬਣਦੇ ਹਨ। ਸਾਰੇ ਨਾਮ ਵਿਚ ਵਿਸ਼ਵਾਸ ਨਾਲ ਖ਼ਤਮ ਹੋ ਜਾਂਦੇ ਹਨ। ਮਨੁੱਖ ਹਰ ਪ੍ਰਕਾਰ ਦੇ ਹੀਣਤਾ ਤੇ ਸ੍ਰੇਸ਼ਟਤਾ ਭਾਵਾਂ (**inferiority and superiority complexes**) ਤੋਂ ਆਜ਼ਾਦ ਹੋ ਜਾਂਦਾ ਹੈ। ਨਫ਼ਰਤ, ਈਰਖਾ ਤੇ ਖੁਸ਼ਾਮਦ ਤੋਂ ਵੀ ਮੁਕਤ ਹੋ ਜਾਂਦਾ ਹੈ। ਨਾਮ ਦੇ ਵਿਸ਼ਵਾਸ ਕਾਰਣ ਕੁੱਲ ਮਨੁੱਖਤਾ ਇਕ ਐਸੀ ਸੰਗਠਿਤ ਇਕਾਈ ਬਣ ਜਾਂਦੀ ਹੈ, ਜਿਸ ਵਿਚ ਹਰ ਪ੍ਰਕਾਰ ਦੇ ਆੜੇ-ਪਾੜੇ ਤੇ ਤਥਾ ਕਥਿਤ ਸ੍ਰੇਸ਼ਟਤਾਂ ਤੇ ਊਣਤਾਈਆਂ ਝੜ ਜਾਂਦੀਆਂ ਹਨ, ਵਖੇਵੇਂ ਤੇ ਤ੍ਰੇੜਾਂ ਮਿਟ ਜਾਂਦੀਆਂ ਹਨ ਤੇ ਸਰਬ ਸਾਂਝਾ ਭਰੱਪਣ, ਮਨੁੱਖੀ ਸਮਾਨਤਾ ਉੱਤੇ ਆਧਾਰਤ ਭਾਈਚਾਰਾ ਉਸਰ ਸਕਦਾ ਹੈ। ਇਸ ਵਿਚ ਆਪਸੀ ਸੰਬੰਧ ਸਦਾਚਾਰਕ ਕੀਮਤਾਂ ਉੱਤੇ ਆਧਾਰਤ ਹੋਣਗੇ।

ਇਥੇ ਖ਼ਾਸ ਤੌਰ ਉੱਤੇ ਵਿਚਾਰ ਗੋਚਰੀ ਗੱਲ ਇਹ ਹੈ ਕਿ ਜਿਸ ਕਿਸੇ ਇਸ਼ਟ ਦੇਵੀ-ਦੇਵਤੇ, ਪੀਰ, ਪੈਗ਼ੰਬਰ, ਔਲੀਏ, ਅਵਤਾਰ ਜਾਂ ਸ਼ਕਤੀ ਉੱਤੇ ਕੋਈ ਵਿਸ਼ਵਾਸ ਰੱਖਦਾ ਹੈ, ਉਸ ਵਿਚ ਅਖ਼ੀਰ ਉੱਤੇ ਸੱਚ ਕਰਤਾ ਪੁਰਖ ਦੀ ਜੋਤਿ ਦਾ ਹੀ ਝਲਕਾਰਾ ਮੰਨਿਆ ਜਾ ਸਕਦਾ ਹੈ। ਇਸ ਵਿਚ ਜੋ ਵੀ ਸ਼ਕਤੀ, ਸਮਰੱਥਾ ਤੇ ਗੁਣ ਆਦਿਕ ਹੈ, ਉਹ ਅਖ਼ੀਰ ਕਰਤਾ ਪੁਰਖ ਪਰਮਾਤਮਾ ਦੀ ਸੱਤਾ ਦਾ ਹੀ ਝਲਕਾਰਾ ਤੇ ਉਸੇ ਦੀ ਹੀ ਬਖ਼ਸ਼ਿਸ਼ ਹੈ, ਉਸੇ ਸਰੋਤ ਦੀ ਹੀ ਕਣੀ ਕਹੀ ਜਾ ਸਕਦੀ ਹੈ। ਇਹ ਕਣੀ ਅਖ਼ੀਰ ਨਾਮ ਦੀ ਵਿਸ਼ਾਲ ਸਮੁੱਚਤਾ ਦਾ ਹੀ ਅੰਗ ਹੈ। ਇਸ ਲਈ ਸਭ ਧਰਮਾਂ ਦੇ ਭਾਵੇਂ ਰਾਹ ਵੱਖੋ-ਵੱਖ ਹਨ, ਅਖ਼ੀਰ ਨਿਸ਼ਾਨਾ ਤਾਂ ਉਸੇ ਦੀ ਪ੍ਰਸੰਸਾ ਤੇ ਅਰਾਧਨਾ ਹੀ ਹੈ। ਇਹ ਗੱਲ ਗੁਰੂ ਨਾਨਕ ਦੇਵ ਜੀ ਨੇ ਮਾਝ ਕੀ ਵਾਰ ਵਿਚ "ਰਾਹ ਦੋਵੈ ਇਕੁ ਜਾਣੈ" ਵਾਲੇ ਸਲੋਕ ਵਿਚ ਸਪੱਸ਼ਟ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵਾਰ ਸ੍ਰੀ ਭਗਉਤੀ ਜੀ ਕੀ ਦੀ ਦੂਸਰੀ ਪੌੜੀ ਵਿਚ

ਤੈਥੋਂ ਹੀ ਬਲੁ ਰਾਮ ਲੈ ਨਾਲਿ ਬਾਣਾ ਦਹਸਿਰ ਘਾਇਆ ॥

ਤੈਥੋਂ ਹੀ ਬਲੁ ਕ੍ਰਿਸ਼ਨ ਲੈ ਕੰਸੁ ਕੇਸੀ ਪਕੜਿ ਗਿਰਾਇਆ॥

ਰਾਹੀਂ ਸਪੱਸ਼ਟ ਕੀਤਾ ਹੈ ਫਿਰ ਇਸੇ ਤਰ੍ਹਾਂ ਕਹਿੰਦੇ ਹਨ ਕਿ ਕੁਰੇਸ਼ੀ, ਕੰਧਾਰੀ, ਅਰਬ ਵਾਲੇ, ਚੀਨੀ, ਮਾਨਚੂਰੀਅਨ, ਗੋਰਖੇ, ਬੰਗਾਲੀ ਆਦਿ ਭਾਵੇਂ ਆਪਣੇ-ਆਪਣੇ ਵੱਖਰੇ ਢੰਗ ਨਾਲ ਪੂਜਾ ਕਰਦੇ ਹਨ, ਪਰ ਉਹ ਸਾਰੇ ਅਖ਼ੀਰ **"ਤੇਰੋ ਨਾਮੁ ਧਿਆਈਅਤੁ ਹੈ"**। ਇਸ ਵਿਸ਼ਵਾਸ ਨਾਲ ਹਰ ਪ੍ਰਕਾਰ ਦੇ ਮਜ਼ਹਬੀ ਵਖਰੇਵੇਂ ਤੇ ਧਾਰਮਿਕ ਅਭਿਮਾਨ ਖ਼ਤਮ ਹੋ ਸਕਦੇ ਹਨ। ਸਭ ਧਰਮਾਂ ਦਾ ਇਕਸਾਰ ਸਤਕਾਰ ਕਰਦਿਆਂ ਇਕ ਸਾਂਝੀ ਮਨੁੱਖੀ-ਆਤਮਾ ਉਸਰ ਆਵੇਗੀ ਜੋ ਮਜ਼ਹਬੀ ਵਖਰੇਵਿਆਂ ਤੋਂ ਆਜ਼ਾਦ ਹੋਵੇਗੀ। ਇਸੇ ਵਾਸਤੇ ਹੀ ਤਾਂ ਪ੍ਰੋ. ਪੂਰਨ ਸਿੰਘ ਨੇ ਗੁਰਾਂ ਦੀ ਧਰਤੀ ਪੰਜਾਬ ਬਾਰੇ ਕਿਹਾ ਹੈ :

ਪੰਜਾਬ ਨਾ ਹਿੰਦੂ ਨਾ ਮੁਸਲਮਾਨ,
ਪੰਜਾਬ ਸਾਰਾ ਜਿੰਦਾ ਗੁਰਾਂ ਦੇ ਨਾਂ 'ਤੇ।

## ੧੨ ਹਉਮੈਂ ਤੇ ਨਿਜੀ ਸੁਆਰਥ ਤੋਂ ਆਜ਼ਾਦੀ

ਇਸ ਸਾਂਝੀ ਮਨੁੱਖੀ-ਆਤਮਾ ਨੂੰ ਪ੍ਰਗਟ ਕਰਨ ਤੇ ਸੁਚਾਲੂ ਅਥਵਾ ਅਮਲੀ ਰੂਪ ਦੇਣ ਲਈ ਸਿੱਖੀ ਵਿਚ ਸੰਗਤ, ਪੰਗਤ ਤੇ ਸਰੋਵਰ ਦੀ ਪ੍ਰਥਾ ਚਾਲੂ ਕੀਤੀ ਗਈ ਹੈ। ਸੰਗਤ ਵਿਚ ਸਾਰੇ ਬਿਨਾਂ ਕਿਸੇ ਭੇਦ-ਭਾਵ ਦੇ ਇਕ ਪੱਧਰ ਉੱਤੇ ਬੈਠਦੇ ਅਤੇ ਆਪਣੀ ਸੁਰਤ ਨੂੰ ਸ਼ਬਦ ਨਾਲ ਜੋੜਦੇ ਹਨ। ਪੰਗਤ ਵਿਚ ਸਾਰੇ ਇਕੋ ਜਿਹਾ, ਇਕੋ ਥਾਂ ਪੱਕਿਆ ਖਾਣਾ ਇਕ ਦੂਸਰੇ ਨਾਲ ਬੈਠ ਕੇ ਖਾਂਦੇ ਹਨ। ਇਹ ਸਾਰਾ ਪਕਵਾਨ ਸਾਂਝਾ ਹੀ ਪੱਕਦਾ ਹੈ। ਰਸਦ ਵੀ ਸਾਂਝੇ ਖਾਤੇ ਵਿਚੋਂ ਆਉਂਦੀ ਹੈ ਤੇ ਫਿਰ ਬਰਤਣਾਂ ਦੀ ਸਫ਼ਾਈ ਵੀ ਸਾਂਝੇ ਤੌਰ ਉੱਤੇ ਹੀ ਕੀਤੀ ਜਾਂਦੀ ਹੈ। ਲੰਗਰ ਦੀ ਸੇਵਾ ਤੇ ਖ਼ਾਸ ਤੌਰ ਉੱਤੇ ਬਰਤਣ ਸਾਫ਼ ਕਰਨ ਦੀ ਸੇਵਾ ਬੜੇ ਚਾਉ ਨਾਲ ਅੱਗੇ ਹੋ ਕੇ ਕੀਤੀ ਜਾਂਦੀ ਹੈ। ਇਹ ਸੇਵਾ ਮਨ ਵਿਚ ਨਿਮਰਤਾ ਭਾਵ ਪੈਦਾ ਕਰਨ ਤੇ ਊਚ ਨੀਚ ਦੇ ਫ਼ਰਕ ਮੇਟਣ ਦਾ ਜ਼ਰੀਆਂ ਮੰਨਿਆ ਜਾਂਦਾ ਹੈ। ਜਾਤ-ਪਾਤੀ ਛੂਆ-ਛੂਤ ਤੇ ਭਿੱਟ ਨੂੰ ਜੜ੍ਹੋਂ ਉਖੇੜਨ ਲਈ ਸਰੋਵਰ ਸਥਾਪਤ ਕੀਤੇ ਗਏ ਹਨ। ਇਨ੍ਹਾਂ ਵਿਚ ਸਾਰੇ ਲੋਕ ਇਕੋ ਪਾਣੀ ਵਿਚ ਇਕੱਠਿਆਂ ਇਸ਼ਨਾਨ ਕਰਦੇ ਹਨ (ਕੇਵਲ ਤੀਵੀਆਂ ਲਈ ਪਰਦੇ ਕਾਰਣ ਪੋਣਿਆਂ ਦਾ ਪ੍ਰਬੰਧ ਹੁੰਦਾ ਹੈ)।

ਗੁਰਬਾਣੀ ਵਿਚ ਇਸ ਗੱਲ ਉੱਤੇ ਖ਼ਾਸ ਜ਼ੋਰ ਦਿੱਤਾ ਗਿਆ ਹੈ ਕਿ ਸ਼ਬਦ ਨਾਲ ਸੁਰਤ ਨੂੰ ਜੋੜ ਕੇ ਬੈਠੀ ਹੋਈ ਸੰਗਤ ਦੇ ਰੂਪ ਵਿਚ ਜੁੜੀ ਮਨੁੱਖਤਾ ਵਿਚ ਪਰਮ ਸੱਚ ਪ੍ਰਭੂ-ਪਰਮਾਤਮਾ ਆਪ ਮੌਜੂਦ ਹੁੰਦਾ ਹੈ :

ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥

ਇਸ ਤਰ੍ਹਾਂ ਇਕ ਸੁਰ ਹੋਈ ਸੰਗਤ ਵਿਚ ਪਰਮ ਸੱਚ ਦੀ ਪਛਾਣ ਦਾ ਵਿਚਾਰ

ਨਾ ਕੇਵਲ ਵੱਖ-ਵੱਖ ਉਮਰਾਂ, ਜਾਤਾਂ, ਕਿੱਤਿਆਂ ਤੇ ਵਿਚਾਰਾਂ ਵਾਲੇ ਅਮੀਰ ਤੇ ਗਰੀਬ, ਮਰਦਾਂ ਤੇ ਤੀਵੀਆਂ ਨੂੰ ਇਕ ਪੱਧਰ ਉੱਤੇ ਲੈ ਆਉਂਦਾ ਹੈ ਤੇ ਇਸ ਪੱਖੋਂ ਇਹ ਅਮਲੀ ਤੇ ਵਿਹਾਰਕ ਰੂਪ ਵਿਚ ਮਾਨਵਵਾਦੀ ਧਾਰਨਾ ਸਾਬਤ ਹੁੰਦੀ ਹੈ, ਸਗੋਂ ਇਹ ਵਿਚਾਰ ਮਨੁੱਖ ਤੇ ਪਰਮਾਤਮਾ ਨੂੰ ਵੀ ਉਸੇ ਪੱਧਰ ਉੱਤੇ ਲਿਆ ਖੜਾ ਕਰਦਾ ਹੈ ਅਤੇ ਮਨੁੱਖ ਦੇ ਪਰਮ ਸੱਚ ਕਰਤਾ ਪੁਰਖ ਨਾਲ ਇਕਮਿਕ ਹੋਣ ਦਾ ਜ਼ਰੀਆ ਬਣਦਾ ਹੈ। ਸੰਗਤ ਵਿਚ ਖਾਸ ਕਰਕੇ ਕੀਰਤਨ ਦੇ ਸਮੇਂ ਜਦ ਸੁਰਤਿ ਸ਼ਬਦ ਨਾਲ ਜੁੜਦੀ ਹੈ ਤਾਂ "ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ" ਦਾ ਮਾਹੌਲ ਅਮਲੀ ਰੂਪ ਧਾਰਨ ਕਰਦਾ ਹੈ। ਫਿਰ ਸਾਂਝੀ ਅਰਦਾਸ ਵਿਚ, "ਸਰਬਤ ਦੇ ਭਲੇ" ਲਈ ਕੀਤਾ ਪ੍ਰਣ ਵੈਰੀ ਮੀਤ ਸਮਾਨ ਦਾ ਜਜ਼ਬਾ ਪੈਦਾ ਕਰਦਾ ਹੈ ਜੋ ਹਰ ਪ੍ਰਕਾਰ ਦੇ ਵੈਰ ਵਿਰੋਧ ਨੂੰ ਭੁਲਾ ਕੇ ਇਕਸਾਰ ਮਿਤ੍ਰਤਾ ਦਾ ਸੁਭਾਅ ਪੈਦਾ ਕਰਦਾ ਹੈ। ਸਾਰੀ ਸੰਗਤ ਗੁਰੂ-ਪਰਮਾਤਮਾ ਨਾਲ ਰਲ ਕੇ ਇਕ ਸਾਂਝੀ ਆਤਮਾ ਹੋ ਨਿਬੜਦੀ ਹੈ। ਅਰਦਾਸ ਪਿੱਛੋਂ ਲਏ ਵਾਕ ਨਾਲ ਮਿਲਿਆ ਸਭ ਲਈ ਸਾਂਝਾ ਉਪਦੇਸ਼ ਹਰ ਇਕ ਦੇ ਆਚਰਨ ਨੂੰ ਨਵੀਂ ਸੇਧ ਦਿੰਦਾ ਹੈ ਜਿਸ ਨਾਲ ਮਨਮੁਖੀ ਰੁਚੀਆਂ ਮੱਧਮ ਪੈਣ ਲਗਦੀਆਂ ਹਨ। ਇਸ ਤਰ੍ਹਾਂ ਮਨੁੱਖ ਦੀਆਂ ਉਹ ਸ੍ਵੈ-ਕੇਂਦ੍ਰਿਤ ਤੇ ਵਿਕਾਰਾਤਮਿਕ ਰੁਚੀਆਂ ਜਿਨ੍ਹਾਂ ਦੇ ਸਮੁੱਚ ਨੂੰ ਹਉਮੈ ਕਿਹਾ ਜਾਂਦਾ ਹੈ ਤੇ ਜੋ ਮਨੁੱਖ ਲਈ ਤ੍ਰਿਸ਼ਨਾ, ਧਾਤ, ਭਾਜੜ ਤੇ ਈਰਖਾ ਆਦਿ ਦੇ ਰੂਪ ਵਿਚ ਦੀਰਘ ਰੋਗ ਮੰਨਿਆ ਗਿਆ ਹੈ, ਉਸ ਤੋਂ ਮਨੁੱਖ ਆਜ਼ਾਦ ਤੇ ਅਰੋਗ ਹੋ ਜਾਂਦਾ ਹੈ। ਉਹ ਹਰ ਪ੍ਰਕਾਰ ਦੇ ਨਿੱਜੀ ਸੁਆਰਥ ਉੱਤੇ ਕਾਬੂ ਪਾ ਕੇ, ਸੰਤ ਬ੍ਰਿਤੀ ਅਖਤਿਆਰ ਕਰਦਾ ਹੋਇਆ ਗੁਰਮੁਖ ਹੋ ਨਿਬੜਦਾ ਹੈ। ਇਹ ਅਜੇਹੀ ਬ੍ਰਿਤੀ ਹੈ ਜਿਸ ਬਾਰੇ ਭਗਤ ਕਬੀਰ ਕਹਿੰਦੇ ਹਨ :

ਕਬੀਰ ਮਨੁ ਨਿਰਮਲੁ ਭਇਆ, ਜੈਸਾ ਗੰਗਾ ਨੀਰੁ।।
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ।।

(ਪੰਨਾ ੧੩੬੭)

## ੧੩. ਰਾਜਨੀਤਕ ਆਜ਼ਾਦੀ

ਨਿੱਜੀ ਬੰਧਨਾਂ ਤੋਂ ਆਜ਼ਾਦ ਹੋਏ ਮਨ ਦੀ ਆਜ਼ਾਦੀ ਦਾ ਕੋਈ ਮੁੱਲ ਨਹੀਂ ਰਹਿ ਜਾਂਦਾ ਜਦ ਕੋਈ ਬਾਹਰਲੀ ਤਾਕਤ ਕੋਈ ਦੁਸ਼ਟ ਤੇ ਹਤਿਆਰਾ ਤੁਹਾਨੂੰ ਆਪਣੇ ਰੋਅਬ ਹੇਠਾਂ ਜ਼ੁਲਮ ਤੇ ਤਸ਼ੱਦਦ ਨਾਲ ਦਬਾਈ ਰੱਖੇ। ਤੁਹਾਡੇ ਆਲੇ-ਦੁਆਲੇ "ਰੱਤ ਦਾ ਕੁੰਗੂ" ਪਾਵੇ, ਵਸਦੇ-ਰਸਦੇ ਸ਼ਹਿਰਾਂ ਨੂੰ ਮਾਸ ਪੁਰੀਆਂ ਬਣਾ ਦੇਵੇ, ਤੁਹਾਡੇ ਘਰ, ਝੁੱਗੇ ਤੇ ਫਸਲਾਂ ਸਾੜ ਦੇਵੇ, ਕਮਾਈ ਨੂੰ ਲੁੱਟ ਲਵੇ, ਤੁਹਾਡੇ ਆਲੇ-ਦੁਆਲੇ ਬੇਪਤੀ, ਬੇਹੁਰਮਤੀ ਤੇ ਨਿਰਾਦਰੀ ਇਸ ਕਦਰ ਫੈਲਾ ਦੇਵੇ ਕਿ ਤੁਹਾਡੀ ਆਤਮਾ ਡਰ ਤੇ ਸਹਿਮ ਨਾਲ ਉਸ ਦੀ ਗੋਲੀ ਬਣ ਕੇ ਰਹਿ ਜਾਵੇ। ਤੁਹਾਡੀ ਰਹਿਣੀ-ਬਹਿਣੀ ਵਿਚ

ਇਸ ਕਦਰ ਗੁਲਾਮੀ ਆ ਜਾਵੇ ਕਿ ਤੁਹਾਨੂੰ "ਅਭਾਖਿਆ ਕਾ ਕੁਠਾ ਬਕਰਾ" ਖਾਣ ਲਈ ਮਜਬੂਰ ਹੋਣਾ ਪਵੇ, ਤੁਹਾਡੀ ਆਰਥਿਕਤਾ ਤੇ ਬੁੱਧੀਜੀਵੀ ਵਰਗ ਨੂੰ "ਗਊ ਬ੍ਰਾਹਮਣ ਕਉ ਕਰੁ ਲਾਵਹੁ" ਵਾਲੀ ਹਾਲਤ ਉੱਤੇ ਲੈ ਆਵੇ, ਤੁਹਾਡੀ ਬੋਲੀ ਵੀ ਬਦਲ ਦੇਵੇ ਤੇ ਤੁਸੀਂ "ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ" ਅਖਤਿਆਰ ਕਰ ਲਵੋ। ਡਾਢੇ ਹਾਕਮ ਦੀ ਖੁਸ਼ਨੂਦੀ ਹਾਸਲ ਕਰਨ ਲਈ "**ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ**" ਦੇ ਰਾਹ ਟੁਰ ਪਵੋ। ਰਾਜੇ ਸ਼ੀਂਹ ਤੇ ਮੁਕੱਦਮ ਕੁੱਤੇ ਬਣ, ਲੋਕਾਂ ਦਾ ਰਤ ਪਿਤੁ ਚਟ ਰਹੇ ਹੋਣ, ਇਨਸਾਫ਼ ਵੱਢੀ ਨਾਲ ਖਰੀਦਿਆ ਜਾਣ ਲੱਗ ਪਵੇ ਤੇ ਲੋਕਾਂ ਦਾ ਧਰਮ ਵੀ ਗੁਲਾਮ ਬਣਾਇਆ ਜਾਣ ਲੱਗ ਪਵੇ, ਮੰਦਰਾਂ ਨੂੰ ਢਾਹ ਕੇ ਮਸੀਤਾਂ ਉਸਾਰੀਆਂ ਜਾਣ ਲੱਗਣ ਤੇ ਆਮ ਜਨਤਾ ਦੀ ਜ਼ਮੀਰ ਗੁਲਾਮੀ ਨਾਲ ਕੁਚਲੀ ਜਾਂਦੀ ਹੋਵੇ। ਇਹ ਨਿਰਾਦਰੀ ਤੇ ਜ਼ਿੱਲਤ ਕਦੀ ਵੀ ਦਿਆਲ ਪੁਰਖ ਦਾ ਭਾਣਾ ਨਹੀਂ ਹੋ ਸਕਦੀ। ਇਸ ਨੂੰ ਭਾਣੇ, ਭਾਵੀ, ਕਿਸਮਤ ਜਾਂ ਪੂਰਬਲੇ ਕਰਮਾਂ ਦਾ ਫਲ ਸਮਝ ਕੇ ਪਰਵਾਨ ਕਰਨਾ ਪਰਲੇ ਦਰਜੇ ਦੀ ਕਾਇਰਤਾ ਹੈ। ਲੋਕਾਂ ਨੂੰ ਇਸ਼ ਹਾਲਤ ਵਿਚ ਛੱਡ ਕੇ ਪਰਬਤਾਂ ਉੱਤੇ ਭਗਤੀ ਕਰਨ ਲਈ ਜਾ ਛੁਪਣਾ, ਇਕ ਭਗੌੜੇ ਦੀ ਜ਼ਹਿਨੀਅਤ ਹੈ। ਗੁਲਾਮੀ ਦੇ ਇਸ ਜੂਲੇ ਨੂੰ ਗਲੋਂ ਲਾਹ ਸੁੱਟਣਾ ਜ਼ਮੀਰ ਤੇ ਆਤਮਾ ਦੀ ਆਜ਼ਾਦੀ ਦੀ ਮੰਗ ਹੈ, ਜਿਸ ਨੂੰ ਪੂਰਾ ਕਰਨ ਲਈ ਅਜੇਹੇ ਜ਼ਾਲਮ ਹਤਿਆਰੇ ਨੂੰ, ਜੋ ਕਰਾਰੇ ਹੱਥਾਂ ਤੋਂ ਬਿਨਾਂ ਹੋਰ ਕੋਈ ਬੋਲੀ ਨਾ ਸਮਝਦਾ ਹੋਵੇ, ਸ਼ਕਤੀ ਦੀ ਵਰਤੋਂ ਕਰਕੇ ਨੱਥ ਪਾਉਣੀ ਵੀ ਉਸ ਗੁਰਮੁਖ ਤੇ ਸੰਤ ਦਾ ਕਿਰਦਾਰ ਹੈ ਜੋ ਪਰਮਾਤਮਾ ਦੇ ਨਿਰਭਉ ਤੇ ਨਿਰਵੈਰ ਰੂਪ ਦਾ ਧਾਰਨੀ ਹੈ। ਪਰਮਾਤਮਾ ਜੋ ਹਰ ਪੱਖੋਂ ਆਜ਼ਾਦ ਹੈ ਕਿਸੇ ਸਹਿਮੇ ਹੋਏ ਤੇ ਡਰੇ ਹੋਏ ਗੁਲਾਮ ਮਨ ਵਿਚ ਕਿਵੇਂ ਨਿਵਾਸ ਕਰ ਸਕਦਾ ਹੈ। ਜੋਤਿ ਸਰੂਪੀ ਮਨ ਕਿਸੇ ਹੋਰ ਦਾ ਗੁਲਾਮ ਨਹੀਂ ਹੋ ਸਕਦਾ।

ਇਸ ਗੁਲਾਮੀ ਨੂੰ ਦੂਰ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਹੀਂ ਲੋਕਾਂ ਨੂੰ ਇਸ ਦੀ ਬੁਰਾਈ ਤੋਂ ਚੇਤੰਨ ਕੀਤਾ ਤਾਂ ਕਿ ਲੋਕਾਂ ਵਿਚ ਇਸ ਨੂੰ ਗਲੋਂ ਲਾਹੁਣ ਦਾ ਜਜ਼ਬਾ ਪੈਦਾ ਹੋ ਜਾਵੇ। ਜਾਗੀ ਹੋਈ ਜਨਤਾ ਹਮੇਸ਼ਾਂ ਹੀ ਇਕ ਮਹਾਨ ਸ਼ਕਤੀ ਹੁੰਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਕਿਰਤ ਕਮਾਈ ਕਰਕੇ ਆਪਣੇ ਪੈਰਾਂ ਉੱਤੇ ਖੜੇ ਹੋਣ 'ਤੇ ਜ਼ੋਰ ਦਿੱਤਾ। ਖਾਸ ਕਰਕੇ ਗਰੀਬੀ ਤੇ ਮੰਗ ਖਾਣ ਨੂੰ ਜੋਗੀਆਂ ਦੇ ਸਬੰਧ ਵਿਚ ਵੱਡੀ ਜ਼ਲਾਲਤ ਦੱਸਿਆ। ਭੁਖੇ ਨੰਗੇ ਵਿਚ ਆਜ਼ਾਦੀ ਦਾ ਜਜ਼ਬਾ ਕਦੀ ਪੈਦਾ ਨਹੀਂ ਹੋ ਸਕਦਾ। ਗੁਰੂ ਨਾਨਕ ਦੇਵ ਜੀ ਤੇ ਉਸ ਤੋਂ ਪਿੱਛੋਂ ਹੋਰ ਗੁਰੂ ਸਾਹਿਬਾਨ ਨੇ ਲੋਕਾਂ ਦਾ ਆਰਥਿਕ ਉਥਾਨ ਕਰਨ ਲਈ ਸ਼ਹਿਰ ਉਸਾਰੇ ਜਿਥੇ ਲੋਕ ਕਿਰਤ ਉਦਯੋਗ ਤੇ ਵਪਾਰ ਰਾਹੀਂ ਆਰਥਿਕ ਤੌਰ ਉੱਤੇ ਬਲਵਾਨ ਹੋਣ ਲੱਗੇ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੇ ਸਿਧਾਂਤ ਨੂੰ ਦੋ

ਤਲਵਾਰਾਂ ਪਹਿਨ ਕੇ ਪੇਸ਼ ਕੀਤਾ। ਬਾਅਦ ਵਿਚ ਇਸੇ ਸਿਧਾਂਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਬਾਟੇ ਦੀ ਪਾਹੁਲ ਤੇ ਦੇਗ ਤੇਗ ਫਤਹ ਦੇ ਨਾਅਰੇ ਦੇ ਰੂਪ ਵਿਚ ਅੰਮ੍ਰਿਤ ਛਕਾਉਣ ਦੀ ਰਸਮ ਦੁਆਰਾ ਜਿਥੇ ਲੋਕਾਂ ਨੂੰ ਨਾਮ ਨਾਲ ਜੋੜਿਆ, ਉਥੇ ਨਾਮ ਨਾਲ ਜੁੜੀ ਆਜ਼ਾਦੀ ਦੀ ਧਾਰਨਾ ਤੋਂ ਵੀ ਚੇਤੰਨ ਕਰਵਾ ਕੇ ਗੁਲਾਮੀ ਦੇ ਜੂਲੇ ਨੂੰ ਲਾਹ ਸੁੱਟਣ ਲਈ ਤਿਆਰ ਕਰ ਦਿੱਤਾ। ਨਾਮ ਆਪਣੇ ਆਪ ਵਿਚ ਜਮੀਰ ਦੀ ਆਜ਼ਾਦੀ ਤੇ ਇਸ ਲਈ ਹਰ ਪ੍ਰਕਾਰ ਦੀ ਆਜ਼ਾਦੀ ਦਾ ਮੂਲ ਸਰੋਤ ਹੈ, ਖਾਸ ਤੌਰ 'ਤੇ ਧਾਰਮਿਕ ਤੇ ਸਮਾਜਿਕ ਆਜ਼ਾਦੀ ਦਾ ਆਧਾਰ ਹੈ। ਬਾਟਾ ਮਿਹਨਤ ਨਾਲ ਕੀਤੀ ਕਿਰਤ ਤੇ ਕਮਾਈ ਉੱਤੇ ਆਧਾਰਤ ਦੇਗ ਤੇ ਵੰਡ ਛਕਣ ਦਾ ਪ੍ਰਤੀਕ ਹੈ, ਆਰਥਿਕ ਆਜ਼ਾਦੀ ਦਾ ਪ੍ਰਤੀਕ ਹੈ, ਪਰਮਾਤਮਾ ਦੇ "ਕਿ ਸਰਬਤ੍ਰ ਪਾਲੈ" ਦਾ ਪ੍ਰਤੀਕ ਹੈ। ਦੂਸਰੇ ਪਾਸੇ ਖੰਡਾ ਪਰਮਾਤਮਾ ਦੇ "ਕਿ ਸਰਬਤ੍ਰ ਕਾਲੈ" ਦਾ ਪ੍ਰਤੀਕ ਹੈ। ਇਹ ਪਰਮਾਤਮਾ ਦੇ ਸਰਬ ਸ਼ਕਤੀਮਾਨ ਹੋਣ ਦਾ ਪ੍ਰਤੀਕ ਹੈ। ਇਸ ਤਰ੍ਹਾਂ ਅੰਮ੍ਰਿਤ ਛਕਣ ਵਾਲੇ ਵਿਚ ਧਾਰਮਿਕ ਤੇ ਸਮਾਜਿਕ ਆਜ਼ਾਦੀ ਆਰਥਿਕ ਸ਼ਕਤੀ ਤੇ ਆਪਣੇ ਆਪ ਦੀ ਰੱਖਿਆ ਕਰ ਸਕਣ ਦੀ ਸ਼ਕਤੀ, ਤਿੰਨੇ ਇਕੱਠੀਆਂ ਹੋ ਜਾਂਦੀਆਂ ਹਨ, ਜੋ ਆਜ਼ਾਦੀ ਲਈ ਬੁਨਿਆਦੀ ਸ਼ਕਤੀਆਂ ਹਨ ਅਤੇ ਇਨ੍ਹਾਂ ਦੇ ਨਾਲ ਸਰਬ ਸ਼ਕਤੀਮਾਨ ਪਰਮਾਤਮਾ ਦੀ ਮਿਹਰ ਤੇ ਨਦਰ ਦਾ ਆਸਰਾ ਉਸ ਨੂੰ ਕਦੀ ਡੋਲਣ ਨਹੀਂ ਦਿੰਦਾ।

ਇਸੇ ਲਈ ਖੰਡੇ ਦੀ ਪਾਹੁਲ ਛਕਣ ਵਾਲਾ ਆਜ਼ਾਦੀ ਦਾ ਅਜੇਹਾ ਮੁਜੱਸਮਾ ਹੋ ਨਿਬੜਦਾ ਹੈ ਜੋ ਪਰਮਾਤਮਾ ਤੋਂ ਸਿਵਾਏ ਹੋਰ ਕਿਸੇ ਵੀ ਦੁਨਿਆਵੀ ਸ਼ਕਤੀ, ਉਸ ਦੀ ਤਾਕਤ, ਧੌਂਸ ਜਾਂ ਗੁਲਾਮੀ ਨੂੰ ਪਰਵਾਨ ਨਹੀਂ ਕਰਦਾ, ਨਹੀਂ ਸਹਾਰਦਾ। ਹਰ ਹੀਲੇ ਉਸ ਦਾ ਜੂਲਾ ਲਾਹ ਸੁੱਟਣ ਲਈ ਤਤਪਰ ਰਹਿੰਦਾ ਹੈ। ਉਹ ਕੇਵਲ ਪਰਮਾਤਮਾ ਦੇ ਹੁਕਮ ਦੀ ਤਾਬਿਆਦਾਰੀ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥
ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥

(ਮਾਝ ਕੀ ਵਾਰ ਮ. ੧, ਪੰਨਾ ੧੪੨)

ਇਹ ਹੀ ਹੈ ਸਿੱਖ ਦੀ ਸਿਰਦਾਰੀ ਜੋ ਪਰਮਾਤਮਾ ਤੋਂ ਸਿਵਾਏ ਕਿਸੇ ਦੀ ਵੀ ਧੌਂਸ, ਚੌਧਰ ਤੇ ਸੀਨਾ ਜ਼ੋਰੀ ਬਰਦਾਸ਼ਤ ਨਹੀਂ ਕਰਦੀ।

ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਪਰਮਾਤਮਾ ਨੂੰ ਹਰ ਪੱਖੋਂ ਸਰਬੱਗ ਤੇ ਸਾਰੇ ਗਿਆਨ ਦਾ ਸਰੋਤ, ਸਰਬ ਗਿਆਤਾ ਤੇ ਸਰਬ ਸ੍ਰੇਸ਼ਟ ਗੁਰੂ, ਆਦਿ ਗੁਰੂ ਵੀ ਮੰਨਿਆ ਗਿਆ ਹੈ। ਇਸ ਲਈ ਖੰਡੇ ਦੀ ਪਾਹੁਲ ਛਕਣ ਵਾਲਾ ਸਿਵਾਏ ਪਰਮਾਤਮਾ ਤੋਂ, ਜਿਸ ਦਾ ਖੰਡਾ ਪ੍ਰਤੀਕ ਹੈ, ਹੋਰ ਕਿਸੇ ਨੂੰ ਆਪਣਾ ਗੁਰੂ ਪਰਵਾਨ

ਨਹੀਂ ਕਰਦਾ। ਇਸ ਨਾਲ ਦੇਹ-ਧਾਰੀ ਗੁਰੂ ਦੀ ਪ੍ਰਥਾ ਵੀ ਖ਼ਤਮ ਹੋ ਗਈ। ਕੇਵਲ ਸ਼ਬਦ ਰੂਪ ਵਿਚ ਗੁਰੂ ਹੀ ਉਸ ਦਾ ਮਾਰਗ ਦਰਸ਼ਕ ਹੁੰਦਾ ਹੈ ਅਤੇ ਇਹ ਗੱਲ ਉਸ ਦੀ ਸਿਰਦਾਰੀ ਨੂੰ ਹੋਰ ਦ੍ਰਿੜ੍ਹ ਕਰਦੀ ਹੈ। ਸਵੱਛ ਤੇ ਆਜ਼ਾਦ ਜ਼ਮੀਰ ਦੀ ਆਵਾਜ਼ ਉਸ ਨੂੰ ਸੇਧ ਦਿੰਦੀ ਹੈ ਜਿਸ ਕਰਕੇ ਗੁਰਬਾਣੀ ਵਿਚ ਵਿਸ਼ਵਾਸ ਰੱਖਣ ਵਾਲਾ ਇਕ ਐਸਾ ਆਜ਼ਾਦੀ ਦਾ ਪ੍ਰਵਾਨਾ ਹੋ ਨਿਬੜਦਾ ਹੈ ਜੋ ਆਪਣੀ ਤੇ ਇਸ ਦੇ ਨਾਲ ਹੀ ਹੋਰ ਦੂਸਰਿਆਂ ਦੀ ਆਜ਼ਾਦੀ ਲਈ ਇੰਨਾਂ ਸਿਰੜੀ ਸਾਬਤ ਹੁੰਦਾ ਹੈ ਕਿ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਵਿਚ ਕਦੀ ਸੰਕੋਚ ਨਹੀਂ ਕਰਦਾ। ਜ਼ਮੀਰ ਦੀ ਆਜ਼ਾਦੀ ਲਈ ਭਾਵੁਕਤਾ ਨੇ ਸਿੱਖਾਂ ਵਿਚ ਐਸੀ ਸ਼ਹੀਦੀ-ਪਰੰਪਰਾ ਸਥਾਪਤ ਕਰ ਦਿੱਤੀ ਹੈ ਜੋ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਤੋਂ ਹੁੰਦੀ ਹੋਈ ਹੁਣ ਤੱਕ ਇਸ ਕਦਰ ਪਰਪੱਕ ਹੋ ਗਈ ਹੈ ਕਿ ਇਹ ਸਿੱਖਾਂ ਦਾ ਆਚਰਨ-ਚਰਿਤ੍ਰ ਬਣ ਗਈ ਹੈ ਤੇ ਸਿੱਖ ਸ਼ਹੀਦਾਂ ਦੀ ਕੌਮ ਕਰਕੇ ਪ੍ਰਸਿੱਧ ਹੈ। ਹਾਕਮਾਂ ਵਲੋਂ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਸਾਹਿਬਜ਼ਾਦਿਆਂ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਆਦਿ ਸਾਰਿਆਂ ਨੂੰ ਹੀ ਮੌਤ ਤੋਂ ਬਚਣ ਲਈ ਕਲਮਾ ਪੜ੍ਹਨ ਦੀ ਪੇਸ਼ਕਸ਼ ਕੀਤੀ ਗਈ ਸੀ। ਕਲਮਾ ਪੜ੍ਹਨ ਵਿਚ "ਮੁਹੰਮਦ ਰਸੂਲ ਅਲਾਹ" ਦਾ ਭਾਵ ਹੈ ਆਪਣੇ ਤੇ ਪਰਮ ਸੱਚ ਪਰਮਾਤਮਾ ਦੇ ਵਿਚਕਾਰ ਪੈਗੰਬਰ ਮੁਹੰਮਦ ਦੀ ਵਿਚੋਲਗੀ ਨੂੰ ਪਰਵਾਨ ਕਰਦਿਆਂ ਹੋਇਆਂ ਉਸ ਉੱਤੇ ਈਮਾਨ ਲਿਆਉਣਾ। ਗੁਰਮਤਿ ਤਾਂ ਪਰਮਾਤਮਾ ਦੀ ਜਾਗਤ ਜੋਤਿ ਉੱਤੇ ਵਿਸ਼ਵਾਸ ਦੀ ਧਾਰਨੀ ਹੈ ਅਤੇ 'ਏਕ ਬਿਨਾ ਮਨ ਨੈਕ ਨ ਆਨੈ' ਉੱਤੇ ਦ੍ਰਿੜ੍ਹ ਰਹਿਣ ਲਈ ਆਦੇਸ਼ ਦਿੰਦੀ ਹੈ। ਕਿਸੇ ਪਰਾਈ ਧੌਂਸ ਹੇਠਾਂ ਕੋਈ ਸਿੱਖ ਆਪਣੀ ਜ਼ਮੀਰ ਨੂੰ ਕਿਵੇਂ ਗਿਰਵੀ ਰੱਖ ਸਕਦਾ ਹੈ ? ਕੀ ਇਸ ਨਾਲ ਉਹ **"ਧਰ ਜੀਅੜੇ ਇਕ ਟੇਕ"** ਅਤੇ **"ਪੂਰਨ ਜੋਤਿ ਜਗੈ ਘਟ ਮੈ"** ਤੋਂ ਥਿੜਕ ਨਾ ਜਾਵੇਗਾ ? ਇਸ ਨਾਲ ਗੁਰਬਾਣੀ ਦੁਆਰਾ ਉਸਰੀ ਸਿੱਖ ਦੀ ਆਜ਼ਾਦ ਜ਼ਮੀਰ, ਕੀ ਆਜ਼ਾਦ ਰਹਿ ਜਾਵੇਗੀ? ਧਾਰਮਿਕ ਆਜ਼ਾਦੀ ਜ਼ਮੀਰ ਦੀ ਆਜ਼ਾਦੀ ਦਾ ਮੂਲ ਲਕਸ਼ ਹੈ ਤੇ ਇਸ ਨੂੰ ਹਰ ਸਿੱਖ ਨੇ ਹਰ ਸੂਰਤ ਵਿਚ ਬਰਕਰਾਰ ਰੱਖਿਆ ਹੈ। ਜਿਸ ਕਰਕੇ ਮੁਗ਼ਲ ਕਾਲ ਵੇਲੇ ਸ਼ਹੀਦੀਆਂ ਦਾ ਤਾਂਤਾ ਬਝ ਗਿਆ। ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜਿਥੇ ਸਿੱਖਾਂ ਨੇ ਆਪਣੇ ਧਰਮ ਤੇ ਆਪਣੀ ਜ਼ਮੀਰ ਦੀ ਆਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ, ਉਥੇ ਦੂਸਰਿਆਂ ਦੇ ਧਰਮ ਤੇ ਉਨ੍ਹਾਂ ਦੀ ਜ਼ਮੀਰ ਦੀ ਆਜ਼ਾਦੀ ਲਈ ਵੀ ਜੂਝਦੇ ਤੇ ਕੁਰਬਾਨੀਆਂ ਦਿੰਦੇ ਰਹੇ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤਾਂ ਹੋਈ ਹੀ ਹਿੰਦੂ ਧਰਮ ਦੀ ਰੱਖਿਆ ਲਈ ਸੀ। ਫਿਰ ਜਦ ਸਿੱਖ ਰਾਜ ਸੱਤਾ (੧੭੯੯ ਤੋਂ ੧੮੪੯) ਵਿਚ ਰਹੇ, ਇਨ੍ਹਾਂ ਕਦੀ ਵੀ ਕਿਸੇ ਦੀ ਜਬਰੀ ਧਰਮ ਬਦਲੀ ਨਹੀਂ ਕੀਤੀ।

ਗੁਰਮਤਿ ਦੇਸ਼ ਦੀ ਆਜ਼ਾਦੀ ਦੀ ਹਮੇਸ਼ਾਂ ਹੀ ਅਲੰਬਰਦਾਰ ਰਹੀ ਹੈ। ਇਸਲਾਮੀ ਰਾਜ ਵੇਲੇ ਜਦ ਗੈਰ ਮੁਸਲਿਮ ਜਨਤਾ ਨੂੰ ਗੁਲਾਮ ਸਮਝਿਆ ਜਾਂਦਾ ਸੀ ਤਾਂ ਉਨ੍ਹਾਂ ਦੀ ਦੁਰਦਸ਼ਾ ਦਾ ਜ਼ਿਕਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਸਪਸ਼ਟ ਕੀਤਾ ਹੈ। ਬਾਣੀ ਪੜ੍ਹਨ ਵਾਲੇ ਆਜ਼ਾਦੀ ਦੇ ਪ੍ਰਵਾਨੇ, ਜਦ ਅੰਗਰੇਜ਼ਾਂ ਨੇ ੧੮੪੯ ਵਿਚ ਪੰਜਾਬ ਉੱਤੇ ਕਬਜ਼ਾ ਕਰਨਾ ਸ਼ੁਰੂ ਕੀਤਾ, ਉਸੇ ਵੇਲੇ ਤੋਂ ਸਿੱਖਾਂ ਨੇ ਭਾਈ ਮਹਾਰਾਜ ਸਿੰਘ ਤੇ ਬਾਅਦ ਵਿਚ ਭਾਈ ਰਾਮ ਸਿੰਘ ਭੈਣੀ ਸਾਹਿਬ ਵਾਲੇ (ਨਾਮਧਾਰੀ) ਨੇ ਦੇਸ਼ ਦੀ ਆਜ਼ਾਦੀ ਲਈ ਘੋਲ ਆਰੰਭ ਕਰ ਦਿੱਤਾ ਤੇ ਸ਼ਹੀਦੀਆਂ ਪਾਈਆਂ ਭਾਵੇਂ ਕਿ ਉਸ ਵੇਲੇ ਮਹਾਤਮਾ ਗਾਂਧੀ ਤੇ ਕਾਂਗਰਸ ਅਜੇ ਪੈਦਾ ਵੀ ਨਹੀਂ ਸਨ ਹੋਏ। ਦੇਸ਼ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਣ ਲਈ ਜਿੰਨੀਆਂ ਕੁਰਬਾਨੀਆਂ ਸਿੱਖਾਂ ਨੇ ਦਿੱਤੀਆਂ, ਉਨੀਆਂ ਸਾਰੇ ਹਿੰਦੁਸਤਾਨ ਵਿਚ ਕਿਸੇ ਹੋਰ ਨੇ ਨਹੀਂ ਦਿੱਤੀਆਂ। ਹਿੰਦੁਸਤਾਨ ਦੀ ੨% ਤੋਂ ਘੱਟ ਵਸੋਂ ਨੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦਾ ੬੦% ਤੋਂ ਵਧੀਕ ਹਿੱਸਾ ਪਾਇਆ। ਇਹ ਸਿੱਖਾਂ ਦੇ ਆਜ਼ਾਦ ਚਰਿਤ੍ਰ ਦਾ ਹੀ ਸਬੂਤ ਹੈ ਅਤੇ ਇਹ ਚਰਿਤ੍ਰ ਗੁਰਬਾਣੀ ਦਾ ਹੀ ਵਿਰਸਾ ਹੈ।

## ੧੪. ਜ਼ਮੀਰ ਦੀ ਆਜ਼ਾਦੀ ਤੇ ਸਿਰੜ

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਖੰਡੇ ਨੂੰ ਪਰਮਾਤਮਾ ਦੇ ਸਰਬ ਸ਼ਕਤੀਮਾਨ ਤੇ "ਸਰਬਤ੍ਰ ਕਾਲੈ" ਤੇ "ਮਹਾਂ ਕਾਲ ਕਾਲੈ" ਦੇ ਪ੍ਰਤੀਕ ਵਜੋਂ ਮੰਨਿਆ ਗਿਆ ਹੈ। ਇਹ ਪਰਮਾਤਮਾ ਦੀ ਐਸੀ ਅਟਲ, ਅਚੁੱਕ ਤੇ ਅਮੋੜ ਸ਼ਕਤੀ ਦਾ ਪ੍ਰਤੀਕ ਹੈ ਜਿਸ ਦਾ ਕਰਮ ਅਤਿ ਢੀਠ ਹੈ। ਖੰਡੇ ਦੀ ਪਾਹੁਲ ਛਕਣ ਵਾਲਾ ਇਸ ਦੇ ਇਹ ਗੁਣ ਗ੍ਰਹਿਣ ਕਰਦਾ ਹੋਇਆ ਹੱਦ ਦਰਜੇ ਦਾ ਸਿਰੜੀ, ਆਪਣੇ ਵਿਸ਼ਵਾਸ ਵਿਚ ਅਟੱਲ, ਕਦੀ ਨਾ ਝੁਕਣ ਵਾਲਾ ਤੇ ਕਦੀ ਨਾ ਡੋਲਣ ਵਾਲਾ ਸਾਬਤ ਹੁੰਦਾ ਆਇਆ ਹੈ। ਆਰਿਆਂ ਲਾਲ ਤਨ ਚੀਰੇ ਜਾਣ, ਦੇਗ ਵਿਚ ਉਬਾਲੇ ਜਾਣ, ਚਰਖੜੀਆਂ 'ਤੇ ਚਾੜ੍ਹੇ ਜਾਣ, ਬੰਦ-ਬੰਦ ਕੱਟੇ ਜਾਣ, ਤੋਪਾਂ ਨਾਲ ਉਡਾਏ ਜਾਣ, ਜਿਉਂਦੇ ਜੀਅ ਤੇਲ ਪਾ ਕੇ ਸਾੜੇ ਜਾਣ ਜਾਂ ਰੰਬੀਆਂ ਨਾਲ ਖੋਪਰੀ ਉਤਾਰੇ ਜਾਣ ਦੇ ਬਾਵਜੂਦ ਇਸ ਨੇ ਕਦੀ ਆਪਣੇ ਸਿਰੜ ਨੂੰ ਨਹੀਂ ਛੱਡਿਆ। ਭਾਵੇਂ ਬੀਬੀਆਂ ਦੇ ਬੱਚਿਆਂ ਦੇ ਟੋਟੇ ਕਰਕੇ ਉਨ੍ਹਾਂ ਦੇ ਹਾਰ ਬੀਬੀਆਂ ਦੇ ਗਲਾਂ ਵਿਚ ਪਾਏ ਗਏ ਜਾਂ ਅੱਜ ਦੇ ਜ਼ਮਾਨੇ ਵਿਚ ਭੁੱਖੇ ਕੈਦੀਆਂ ਨੂੰ ਰੋਟੀ ਛਕਾਉਣ ਲਈ ਤੇਜ਼ ਰਫਤਾਰ ਗੱਡੀ ਅੱਗੇ ਲੇਟ ਕੇ ਉਸ ਨੂੰ ਰੋਕਣਾ ਪਿਆ, ਪਰ ਇਨ੍ਹਾਂ ਨੇ ਆਪਣੇ ਧਰਮ ਤੇ ਆਪਣੀ ਆਤਮਾ ਦੀ ਆਜ਼ਾਦੀ ਨੂੰ ਕਦੀ ਵੀ ਹੱਥੋਂ ਨਹੀਂ ਛੱਡਿਆ। ਗੁਰਬਾਣੀ ਉੱਤੇ ਸਿਦਕ ਤੇ ਖੰਡੇ ਦੀ ਪਾਹੁਲ, ਜੋ ਫਿਰ ਗੁਰਬਾਣੀ ਉੱਤੇ ਸਿਦਕ ਦਾ ਹੀ ਪ੍ਰਤੀਕ ਹੈ, ਉਸ ਤੋਂ ਇਨ੍ਹਾਂ ਨੂੰ ਐਸੀ ਦ੍ਰਿੜ੍ਹਤਾ ਵਿਰਸੇ ਵਿਚ ਮਿਲੀ ਹੈ ਕਿ ਕਦੇ ਵੀ ਕਿਸੇ ਨੇ ਆਪਣੇ ਮਿੱਟੀ ਦੇ ਠੀਕਰੇ (ਆਪਣੇ ਸਰੀਰ) ਨੂੰ ਬਚਾਉਣ ਲਈ ਆਪਣੇ ਵਿਸ਼ਵਾਸ ਦਾ,

ਆਪਣੀ ਜ਼ਮੀਰ ਦੀ ਆਜ਼ਾਦੀ ਦਾ ਸੌਦਾ ਨਹੀਂ ਕੀਤਾ। ਕੋਈ ਵੀ ਡਰ ਜਾਂ ਕੋਈ ਵੀ ਲਾਲਚ ਇਨ੍ਹਾਂ ਦੀ ਜ਼ਮੀਰ ਦੀ ਆਜ਼ਾਦੀ ਨੂੰ ਨਹੀਂ ਖੋਹ ਸਕਿਆ, ਨਹੀਂ ਖਰੀਦ ਸਕਿਆ।

ਆਪਣੇ ਧਰਮ ਤੇ ਜ਼ਮੀਰ ਦੀ ਆਜ਼ਾਦੀ ਲਈ ਆਪਣੇ ਸਿਰਰ ਉੱਤੇ ਅੜੇ ਰਹਿਣਾ ਸਿੱਧਾ ਹੀ ਗੁਰਬਾਣੀ ਦਾ ਵਿਰਸਾ ਹੈ। ਭਗਤ ਨਾਮਦੇਵ ਨੂੰ ਜਦ ਸੁਲਤਾਨ ਮੁਹੰਮਦ ਤੁਗਲਕ ਤਸੀਹੇ ਦੇ ਕੇ ਇਸਲਾਮ ਕਬੂਲਣ ਉੱਤੇ ਜ਼ੋਰ ਦੇ ਰਿਹਾ ਸੀ ਤਾਂ ਭਗਤ ਜੀ ਦੀ ਮਾਂ ਨੇ ਉਨ੍ਹਾਂ ਨੂੰ "ਛੋਡਿ ਰਾਮੁ ਕੀ ਨ ਭਜਹਿ ਖੁਦਾਇ" ਦੀ ਮੱਤ ਦਿੱਤੀ। ਪ੍ਰੰਤੂ ਭਗਤ ਜੀ ਨੇ ਆਪਣੀ ਮਾਂ ਨੂੰ ਇਹ ਕਹਿੰਦਿਆਂ ਹੋਇਆਂ ਪਛਾਣਨ ਤੋਂ ਇਨਕਾਰ ਕਰ ਦਿੱਤਾ ਸੀ :

"ਨਾ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ।।" (ਪੰ. ੧੧੬੫)

ਇਹੀ ਕਹਾਣੀ ਇੰਨ-ਬਿੰਨ ਉਸ ਬੱਚੇ ਵਲੋਂ ਦੁਹਰਾਈ ਗਈ ਜੋ ਬਾਬਾ ਬੰਦਾ ਸਿੰਘ ਬਹਾਦਰ ਨਾਲ ਸ਼ਹੀਦ ਕੀਤਾ ਗਿਆ ਸੀ। ਜਦ ਉਸ ਦੀ ਮਾਂ ਨੇ ਅਪੀਲ ਕਰਕੇ ਉਸ ਨੂੰ ਛੁਡਾਉਣ ਦਾ ਪ੍ਰਵਾਨਾ ਲੈ ਆਂਦਾ ਤਾਂ ਉਸ ਨੇ ਵੀ ਆਪਣੀ ਮਾਂ ਨੂੰ ਪਛਾਣਨ ਤੋਂ ਇਨਕਾਰ ਕਰ ਦਿੱਤਾ ਤੇ ਇਕਦਮ ਆਪਣਾ ਸਿਰ ਜਲਾਦ ਦੀ ਤਲਵਾਰ ਹੇਠਾਂ ਜਾ ਰੱਖਿਆ। ਇਸੇ ਤਰ੍ਹਾਂ ਮਲੇਰਕੋਟਲੇ ਵਿਚ ਜਦ ਕੂਕਿਆਂ ਨੂੰ ਤੋਪਾਂ ਨਾਲ ਉਡਾ ਕੇ ਸ਼ਹੀਦ ਕੀਤਾ ਜਾ ਰਿਹਾ ਸੀ ਤਾਂ ਇਕ ਬੱਚੇ ਨੂੰ ਅੰਗਰੇਜ਼ ਅਫਸਰ ਇਸ ਲਈ ਛੱਡਣ ਲੱਗਾ ਸੀ ਕਿ ਉਸ ਦਾ ਕੱਦ ਏਨਾ ਛੋਟਾ ਸੀ ਕਿ ਉਹ ਤੋਪ ਤੋਂ ਨੀਵਾਂ ਰਹਿੰਦਾ ਸੀ। ਉਸ ਬੱਚੇ ਨੇ ਅੰਗਰੇਜ਼ ਅਫਸਰ ਦੀ ਦਾਹੜੀ ਨੂੰ ਜਾ ਫੜਿਆ ਤੇ ਫਿਰ ਪੈਰਾਂ ਹੇਠਾਂ ਇੱਟਾਂ ਜੋੜ ਕੇ ਤੋਪ ਦੇ ਬਰਾਬਰ ਆਪਣਾ ਸਿਰ ਲੈ ਆਂਦਾ ਤੇ ਸ਼ਹੀਦ ਹੋ ਗਿਆ। ਗੁਰੂ ਤੇਗ ਬਹਾਦਰ ਦੇ ਵਾਰਸਾਂ ਨੇ 'ਸੀਸ ਦੀਆ ਪਰ ਸਿਰਰ ਨ ਦੀਆ' ਦੀ ਕਹਾਣੀ ਦੁਹਰਾ ਕੇ ਆਪਣੀ ਵਿਰਾਸਤ ਨੂੰ ਪੂਰਾ ਕੀਤਾ।

## ੧੫. ਆਪ ਆਜ਼ਾਦ ਹੋਣਾ ਤੇ ਦੂਸਰਿਆਂ ਨੂੰ ਵੀ ਆਜ਼ਾਦ ਕਰਵਾਣਾ

ਖੰਡਾ ਜੇਕਰ ਪਰਮਾਤਮਾ ਦੀ ਕਾਲ ਰੂਪ ਸ਼ਕਤੀ ਦਾ ਪ੍ਰਤੀਕ ਹੈ ਤਾਂ ਦੂਸਰੇ ਪਾਸੇ ਉਸ ਦੇ ਦੀਨ ਦੁਖੀ ਦੀ ਰੱਖਿਆ ਕਰਨ ਦੇ ਬਿਰਦ ਨੂੰ ਵੀ ਪਾਲਣ ਦਾ ਪ੍ਰਤੀਕ ਹੈ। ਗਰੀਬ ਤੇ ਲਾਚਾਰ ਉੱਤੇ ਬਣੀ ਭੀੜਾ ਲਈ "ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ" ਦਾ ਕਰਤੱਵ ਵੀ ਪੂਰਾ ਕਰਦਾ ਹੈ। ਇਹ ਹੀ ਇਸ ਦੀਆਂ ਦੋ ਧਾਰਾਂ ਦਾ ਪ੍ਰਤੀਕਾਤਮਿਕ ਮੁੱਲ ਹੈ। ਖੰਡੇ ਦੀ ਪਾਹੁਲ ਛਕਣ ਵਾਲਾ ਅੰਮ੍ਰਿਤਧਾਰੀ ਜਿਥੇ ਦੁਸ਼ਟ ਹਤਿਆਰੇ ਤੇ ਜਰਵਾਣੇ ਲਈ ਮੌਤ ਦਾ ਰੂਪ, ਆਫਤ ਦਾ ਪ੍ਰਕਾਲਾ ਤੇ ਅਟੱਲ ਮੌਤ ਸਾਬਤ ਹੁੰਦਾ ਹੈ, ਉਥੇ ਗਰੀਬ ਤੇ ਲਾਚਾਰ ਦੀ ਰੱਖਿਆ ਵੀ ਕਰਦਾ ਹੈ। ਜਿਵੇਂ ਭਗਤ ਕਬੀਰ ਜੀ ਨੇ ਲਿਖਿਆ ਹੈ :

"ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥" (ਪੰਨਾ ੯੬੯)

ਯਾਨੀ ਗਰੀਬ ਦੀ ਰਖਿਆ ਤੇ ਜਰਵਾਣੇ ਦੀ ਭੱਖਿਆ ਇਸ ਨੇ ਸਵੈ ਇੱਛਾ ਨਾਲ ਇਹ ਜ਼ਿੰਮੇਵਾਰੀ ਆਪਣੇ ਸਿਰ ਲਈ ਹੋਈ ਹੈ। ਇਹ ਹੀ ਮੀਰੀ ਪੀਰੀ ਦਾ ਸੰਦੇਸ਼ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਨੇ "ਸੰਤ ਉਬਾਰਨ" ਲਈ **"ਦੁਸ਼ਟ ਦੋਖੀਯਨਿ ਪਕਰਿ ਪਛਾਰੋ"** ਦੇ ਪ੍ਰਣ ਦੇ ਅਨੁਕੂਲ ਹੈ। ਖੰਡੇ ਦੀ ਪਾਹੁਲ ਛਕਣ ਵਾਲੇ ਦੀ ਇਹ ਜ਼ਰੂਰੀ ਡਸਿਪਲਿਨ ਜਿਵੇਂ ਉੱਪਰ ਦੱਸਿਆ ਹੈ ਗੁਰਬਾਣੀ ਵਿਚੋਂ ਹੀ ਫੁਟਦੀ ਹੈ। ਬੰਦਾ ਸਿੰਘ ਬਹਾਦਰ ਨੇ ਆਪਣੇ ਚੰਦ ਰੋਜ਼ਾ ਰਾਜ ਵਿਚ ਪੰਜਾਬ ਵਿਚੋਂ ਜ਼ਿਮੀਦਾਰੀ ਸਿਸਟਮ ਖਤਮ ਕਰ ਦਿੱਤਾ। ਵਾਹੀਵਾਨ ਕਿਸਾਨਾਂ ਤੇ ਕਿਰਤੀਆਂ ਨੂੰ ਜ਼ਿਮੀਦਾਰ ਦੀ ਗੁਲਾਮੀ ਤੋਂ ਆਜ਼ਾਦ ਕਰ ਦਿੱਤਾ ਤੇ ਜ਼ਮੀਨ ਦੇ ਵਾਹਕ ਨੂੰ ਜ਼ਮੀਨ ਦਾ ਮਾਲਕ ਬਣਾ ਦਿੱਤਾ।

ਨਵਾਬ ਜੱਸਾ ਸਿੰਘ ਆਹਲੂਵਾਲੀਏ ਨੂੰ, ਇਕ ਲਾਚਾਰ ਬ੍ਰਾਹਮਣ ਦੀ ਘਰਵਾਲੀ ਨੂੰ ਕਸੂਰ ਦੇ ਨਵਾਬ ਦੇ ਚੁੰਗਲ ਵਿਚੋਂ ਛੁਡਾਉਣ ਲਈ ਭਾਵੇਂ ਹਜ਼ਾਰਾਂ ਸਿੰਘਾਂ ਦੀ ਸ਼ਹੀਦੀ ਦੇਣੀ ਪਈ, ਪਰ ਉਸ ਨਵਾਬ ਦੇ ਪੰਜੇ ਵਿਚੋਂ ਉਸ ਬ੍ਰਾਹਮਣੀ ਨੂੰ ਜ਼ਰੂਰ ਛੁਡਾ ਲਿਆ। ਨਨਕਾਣਾ ਸਾਹਿਬ ਦੇ ਮਹੰਤ ਨਾਰਾਇਣ ਦਾਸ ਵਲੋਂ ਇਕ ਨਾਬਾਲਗ ਤੇਰਾਂ ਸਾਲ ਦੀ ਸਿੰਧੀ ਲੜਕੀ ਨਾਲ ਬਲਾਤਕਾਰ ਦੇ ਕਾਰਣ ਸੰਨ ੧੯੨੧ ਵਿਚ ਕਈ ਸਿੰਘ ਜਿਉਂਦੇ ਜੀਅ ਤੇਲ ਪਾ ਕੇ ਸਾੜੇ ਗਏ ਤੇ ਗੋਲੀਆਂ ਦਾ ਨਿਸ਼ਾਨਾ ਬਣੇ ਪਰ ਗੁਰਦੁਆਰਾ ਨਨਕਾਣਾ ਸਾਹਿਬ ਉਸ ਮਹੰਤ ਕੋਲੋਂ ਜ਼ਰੂਰ ਆਜ਼ਾਦ ਕਰਵਾ ਲਿਆ ਭਾਵੇਂ ਉਸ ਮਹੰਤ ਨਾਲ ਕਈ ਗੁੰਡੇ ਸਨ ਤੇ ਅੰਗਰੇਜ਼ ਹਕੂਮਤ ਦੀ ਵੀ ਉਸ ਨੂੰ ਸ਼ਹਿ ਸੀ।

## ੧੬. ਮੌਤ ਦੇ ਡਰ ਤੋਂ ਆਜ਼ਾਦੀ

ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮਾ ਨੂੰ ਮਹਾਂਕਾਲ ਦੇ ਰੂਪ ਵਿਚ ਪੇਸ਼ ਕੀਤਾ ਹੈ ਅਤੇ ਇਸ ਨਾਲ ਪ੍ਰਭੂ-ਪਿਆਰ ਨੂੰ ਮੌਤ ਨਾਲ ਪਿਆਰ ਦਾ ਰੂਪ ਦੇ ਦਿੱਤਾ। ਮੌਤ ਨਾਲ ਪਿਆਰ ਕਰਨ ਵਾਲਾ ਮੌਤ ਕੋਲੋਂ ਕਦੀ ਨਹੀਂ ਡਰੇਗਾ। ਉਹ ਅਮਰ ਹੋ ਜਾਵੇਗਾ। ਇਸੇ ਲਈ ਮਹਾਂਕਾਲ ਦੇ ਪ੍ਰਤੀਕ ਖੰਡੇ ਦੀ ਪਾਹੁਲ ਨੂੰ ਅੰਮ੍ਰਿਤ ਆਖਦੇ ਹਨ। ਜੋ ਮੌਤ ਤੋਂ ਨਹੀਂ ਡਰੇਗਾ ਉਹ ਨਾ ਤਾਂ ਘਮਸਾਨ ਯੁੱਧ ਤੋਂ ਝਿਜਕੇਗਾ ਤੇ ਨਾ ਹੀ ਸ਼ਹੀਦ ਹੋਣ ਤੋਂ। ਇਨ੍ਹਾਂ ਦੋਹਾਂ ਨੂੰ ਪਰਮਾਤਮਾ ਦੀ ਦਾਤ ਤੇ ਖੁਸ਼ੀ ਦਾ ਅਵਸਰ ਸਮਝੇਗਾ। ਹੈ ਨਾ ਮੌਤ ਨੂੰ ਮਖੌਲਾਂ ਕਰਨ ਵਾਲੀ ਗੱਲ !

ਗੁਰੂ ਸਾਹਿਬ ਨੇ ਤਾਂ ਜਾਪੁ ਸਾਹਿਬ ਵਿਚ ਪਰਮਾਤਮਾ ਨੂੰ "ਮਹਾ ਜੁਧ ਜੁਧੇ" ਕਿਹਾ ਹੈ। ਇਹ ਬਾਣੀ ਪੜ੍ਹਨ ਵਾਲਾ ਬੜੇ ਚਾਉ ਤੇ ਖੁਸ਼ੀ ਨਾਲ ਜਾਵੇਗਾ। ਜੁੱਧ ਵਿਚ ਪਿੱਠ ਦਿਖਾਣ ਨੂੰ ਪਰਮਾਤਮਾ ਵਲੋਂ ਮੂੰਹ ਫੇਰਨ ਬਰਾਬਰ ਸਮਝੇਗਾ। ਇਸ

ਵਿਰਸੇ ਕਾਰਨ ਹੀ ਇਹ ਸਿੱਖ ਪਰੰਪਰਾ ਦਾ ਹਿੱਸਾ ਹੈ ਕਿ ਸਿੱਖ ਜੰਗ ਵਿਚ ਕਦੀ ਵੀ ਪਿੱਠ ਨਹੀਂ ਦਿਖਾਂਦਾ। ਉਹ ਤਾਂ ਆਪਣੀ ਜ਼ਮੀਰ, ਸੱਚ ਬਾਰੇ ਕਿਸੇ ਪ੍ਰਕਾਰ ਦਾ ਸੌਦਾ ਤੇ ਸਮਝੌਤਾ ਕਰਨ ਦੀ ਬਜਾਏ "ਸ਼ਸਤ੍ਰਨ ਸੋਂ ਅਤਿ ਹੀ ਰਨ ਭੀਤਰ ਜੂਝ ਮਰੋ" ਨੂੰ ਤਰਜੀਹ ਦਿੰਦਾ ਹੈ ਅਤੇ ਘਮਸਾਨ ਯੁੱਧ ਵਿਚ ਜੂਝ ਮਰਨ ਦਾ ਵਰਦਾਨ ਆਪਣੇ ਇਸ਼ਟ ਕੋਲੋਂ ਮੰਗਦਾ ਹੈ ਅਤੇ ਪਰਮਾਤਮਾ ਸਰਬ ਕਾਲ ਦੀ ਸਦਾ ਰੱਖਿਆ ਦੇ ਭਰੋਸੇ ਉੱਤੇ "ਨਿਸਚੈ ਕਰ ਅਪਨੀ ਜੀਤ ਕਰੋ" ਨਾਲ ਘਮਸਾਨ ਯੁੱਧ ਵਿਚ ਜਾਂਦਾ ਹੈ। ਕਾਲ ਨੂੰ ਲਿਆਉਣ ਵਾਲੇ ਖਾਲਸੇ ਦੀ ਸੱਚ ਨੂੰ ਸਮਰਪਤ ਯੋਧੇ ਦੀ ਹਰ ਮੈਦਾਨ ਫਤਹ ਯਕੀਨੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਕਹਿੰਦੀ ਹੈ :

ਜਿਤੇਕ ਕਾਲ ਧਿਆਏ ਹੈਂ॥
ਜਗੱਤ ਜੀਤ ਜਾਇ ਹੈਂ॥

ਫਿਰ ਕਹਿੰਦੇ ਹਨ :

ਭਈ ਜੀਤ ਮੇਰੀ॥ ਕ੍ਰਿਪਾ ਨਾਲ ਕੇਰੀ॥

ਇਹ ਸਮਰਪਤ ਜਿੱਤ ਹੀ ਤਾਂ "ਮਨ ਜੀਤੈ ਜਗੁ ਜੀਤ" ਦਾ ਦੂਸਰਾ ਰੂਪ ਹੈ। ਬਸ਼ਰਤੇ ਕਿ ਇਹ ਯੁੱਧ ਕੋਈ ਇਲਾਕਾ ਫਤਹ ਕਰਕੇ ਲੋਕਾਂ ਨੂੰ ਗੁਲਾਮ ਬਣਾਨ ਲਈ ਕੀਤਾ ਯੁੱਧ ਨਾ ਹੋਵੇ ਸਗੋਂ ਧਰਮ ਯੁੱਧ ਹੋਵੇ। ਆਪਣੀ ਜ਼ਮੀਰ ਦੀ ਆਜ਼ਾਦੀ ਲਈ, ਧਰਮ ਦੀ ਆਜ਼ਾਦੀ ਲਈ ਕੀਤਾ ਯੁੱਧ ਹੋਵੇ, ਦੁਖੀ ਜਨਤਾ ਦੀ ਲਹੂ ਪੀਣੇ ਜ਼ਾਲਮ ਤੇ ਦੁਸ਼ਟ ਹਤਿਆਰੇ ਹੱਥੋਂ-ਉਸ ਹਤਿਆਰੇ ਹੱਥੋਂ ਜੋ ਲੜਾਈ ਤੋਂ ਸਿਵਾਏ ਹੋਰ ਕਿਸੇ ਬੋਲੀ ਨੂੰ ਨਾ ਸਮਝਦਾ ਹੋਵੇ ਜਿਸ ਅੱਗੇ ਕੋਈ ਹੀਲਾ ਤੇ ਚਾਰਾ ਨਾ ਚਲਦਾ ਹੋਵੇ, ਕੋਈ ਦਲੀਲ ਤੇ ਕੋਈ ਹੋਰ ਵਸੀਲਾ ਨਾ ਚਲਦਾ ਹੋਵੇ, ਉਸ ਹੱਥੋਂ ਖਲਾਸੀ ਪਾਉਣ ਲਈ ਯੁੱਧ ਹੋਵੇ। ਇਹ ਯੁੱਧ ਵੀ ਆਖਰੀ ਵਸੀਲਾ ਹੁੰਦਾ ਹੈ ਕਿਉਂਕਿ ਇਸ ਦਾ ਮੰਤਵ ਹੁੰਦਾ ਹੈ ਆਜ਼ਾਦ ਹੋ ਜਾਣਾ ਜਾਂ ਮਰ ਜਾਣਾ।

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

ਹਿੰਦੁਸਤਾਨ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਦਾ ਕਥਨ ਹੈ ਕਿ ਤੁਸੀਂ ਸ਼ਿਵਾ ਜੀ ਮਰਹੱਟਾ ਦਾ ਗੁਰੂ ਗੋਬਿੰਦ ਸਿੰਘ ਨਾਲ ਮੁਕਾਬਲਾ ਨਾ ਕਰੋ, ਸ਼ਿਵਾ ਜੀ ਤਾਂ ਹਿੰਦੂ ਰਾਸ਼ਟਰ ਸਥਾਪਤ ਕਰਨ ਲਈ ਯੁੱਧ ਕਰਦਾ ਸੀ, ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਜ਼ੁਲਮ ਨੂੰ ਖਤਮ ਕਰਨ ਲਈ ਯੁੱਧ ਕਰਦੇ ਸਨ, ਜ਼ਮੀਰ ਦੀ ਆਜ਼ਾਦੀ ਲਈ ਯੁੱਧ ਕਰਦੇ ਸਨ, ਜਿਸ ਕਰਕੇ ਉਨ੍ਹਾਂ ਨੂੰ ਦੁਸ਼ਟ ਦਮਨ ਕਿਹਾ ਜਾਂਦਾ ਹੈ। ਦੁਸ਼ਟਾਂ ਦਾ ਦਮਨ ਹੀ ਰਾਹ ਹੈ ਹਲੇਮੀ ਰਾਜ ਦਾ।

''ਅਕਾਲ ਤਖ਼ਤ ਦੀ ਇਹ ਲਲਕਾਰ ।
ਸਾਬਤ ਸੂਰਤ ਸਿਰ ਦਸਤਾਰ।''

''ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ,
ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ''

ਰਹਿਣੀ ਰਹੈ ਸੋਈ ਸਿੱਖ ਮੇਰਾ ।
ਵਹ ਠਾਕੁਰ ਮੈਂ ਉਸ ਕਾ ਚੇਰਾ ॥